# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਤੀਜਾ ਫਿਲਾਸਫੀ

ਸਮੈਸਟਰ ਛੇਵਾਂ

ਮੀਡੀਅਮ : ਪੰਜਾਬੀ ਯੂਨਿਟ : 2

ਪਾਠ ਨੰ.


2.1 : ਨਿਆਂ ਦਰਸ਼ਨ : ਪ੍ਰਮਾ ਅਤੇ ਪ੍ਰਮਾਣ

2.2 : ਵੈਸ਼ੇਸ਼ਿਕ ਫ਼ਲਸਫ਼ਾ – ਪਦਾਰਥ

2.3 : ਸਿੱਖ ਦਰਸ਼ਨ – ਅਕਾਲ ਪੁਰਖ ਅਤੇ ਜਗਤ ਰਚਨਾ

2.4 : ਮਨੁੱਖ ਅਤੇ ਪ੍ਰਾਕ੍ਰਿਤੀ ਦਾ ਸੰਬੰਧ : ਵੈਦਿਕ ਰਿੱਤ ਅਤੇ ਆਧੁਨਿਕ ਦ੍ਰਿਸ਼ਟੀਕੋਣ



**Department website : www.pbidde.org**

ਪਾਠ ਨੰ: 2.1 ਲੇਖਕ : ਸ਼ਿਵਾਨੀ ਸ਼ਰਮਾ

# ਨਿਆਂ ਦਰਸ਼ਨ : ਪ੍ਰਮਾ ਅਤੇ ਪ੍ਰਮਾਣ

ਬਣਤਰ :


2.1.0 ਉਦੇਸ਼
2.1.1 ਜਾਣ ਪਹਿਚਾਣ
2.1.2 ਪ੍ਰਮਾ ਅਤੇ ਅਪ੍ਰਮਾ
2.1.3 ਪ੍ਰਤੱਖ
- 2.1.3.1 ਪ੍ਰਤੱਖ ਦੇ ਖੇਤਰ
- 2.1.3.2 ਪ੍ਰਤੱਖ ਦੀਆਂ ਅਵਸਥਾਵਾਂ
  - 2.1.3.2.1 ਨਿਰਵਿਕਲਪ ਪ੍ਰਤੱਖ
  - 2.1.3.2.2 ਸਵਿਕਲਪ ਪ੍ਰਤੱਖ
- 2.1.3.3 ਪ੍ਰਤੱਖ ਦੇ ਭੇਦ
  - 2.1.3.3.1 ਲੌਕਿਕ
  - 2.1.3.3.2ਅਲੌਕਿਕ ਪ੍ਰਤੱਖ
    - 2.1.3.3.2.1 ਸਮਾਨਯ ਲੱਛਣ
    - 2.1.3.3.2.2 ਗਿਆਨ ਲੱਛਣ
    - 2.1.3.3.2.3 ਯੋਗਜ

2.1.4 ਅਨੁਮਾਨ
- 2.1.4.1 ਅਨੁਮਾਨ ਦੀ ਵੰਡ :
  - 2.1.4.1.1 ਪ੍ਰਯੋਜਨ ਦੇ ਆਧਾਰ ਤੇ
  - 2.1.4.1.2 ਵਿਆਪਤੀ ਦੀਆਂ ਕਿਸਮਾਂ ਦੇ ਅਧਾਰ ਤੇ
    - 2.1.4.1.2.1 ਪੂਰਵਵਤ ਅਨੁਮਾਨ
    - 2.1.4.1.2.2 ਸ਼ੇਸ਼ਵਤ ਅਨੁਮਾਨ
    - 2.1.4.1.2.3 ਸਮਾਨਯ ਤੋਂ ਦ੍ਰਿਸ਼ਟਮ
  - 2.1.4.1.3 ਵਿਆਪਤੀ ਦੀ ਸਥਾਪਨਾ ਦੇ ਆਧਾਰ ਤੇ
    - 2.1.4.1.3.1 ਕੇਵਲ ਅਨਵਯੀ
    - 2.1.4.1.3.2 ਕੇਵਲ ਵਯਤਰਕੀ
    - 2.1.4.1.3.3 ਅਨਵਯ ਵਯਤਰਕੀ

2.1.5 ਉਪਮਾਨ
2.1.6 ਸ਼ਬਦ ਜਾਂ ਸਾਖੀ
- 2.1.6.1 ਸ਼ਬਦ ਪ੍ਰਮਾਣ ਦੀਆਂ ਸ਼ਰਤਾਂ
  - 2.1.6.1.1 ਅਕਾਂਕਸ਼ਾ
  - 2.1.6.1.2 ਯੋਗਤਾ
  - 2.1.6.1.3 ਸਨਿੱਧੀ

2.1.6.1.4 ਤੱਤਪ੍ਰਯਾ
2.1.6.2 ਸ਼ਬਦ ਦੀ ਵੰਡ
2.1.6.2.1 ਦ੍ਰਿਸ਼ਟਤਾ
2.1.6.2.2 ਅਦ੍ਰਿਸ਼ਟਤਾ
2.1.6.3
2.1.6.3.1 ਵੈਦਿਕ ਸ਼ਬਦ
2.1.6.3.2 ਲੌਕਿਕ ਸ਼ਬਦ
2.1.7 ਮਹੱਤਵਪੂਰਨ ਸ਼ਬਦ
2.1.8 ਪ੍ਰਸ਼ਨਾਵਲੀ
2.1..0 ਤਜਵੀਜ਼ਤ ਪੁਸਤਕਾਂ

## 2.1.0 ਉਦੇਸ਼

ਤੁਸੀਂ ਇਹ ਜਾਣ ਲਵੋਗੇ ਕਿ ਨਿਆਂਇ ਦਰਸ਼ਨ ਵੈਦਿਕ ਦਰਸ਼ਨਾਂ ਵਿਚੋਂ ਇਕ ਅਜਿਹਾ ਦਰਸ਼ਨ ਹੈ। ਜਿਸ ਨੇ ਗਿਆਨ ਗਿਆਨ ਖੇਤਰ ਵਿਚ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਸ਼ੁੱਧ ਗਿਆਨ ਨੂੰ ਪ੍ਰਮਾ-ਅਸ਼ੁੱਧ ਗਿਆਨ ਨੂੰ ਅਪ੍ਰਮਾ ਕਿਹਾ ਜਾਂਦਾ ਹੈ। ਨਿਆਇ ਦਰਸ਼ਨ ਚਾਰ ਪ੍ਰਮਾਣਾਂ ਨੂੰ ਮੰਨਦਾ ਹੈ ਜੋ ਹਨ : ਪ੍ਰਤੱਖ, ਅਨੁਮਾਨ, ਉਪਮਾਨ ਅਤੇ ਸ਼ਬਦ।

## 2.1.1 ਜਾਣ-ਪਹਿਚਾਣ

ਨਿਆਂਇ ਦਰਸ਼ਨ ਵੈਦਿਕ ਦਰਸ਼ਨਾਂ ਵਿੱਚੋਂ ਇਕ ਅਜਿਹਾ ਦਰਸ਼ਨ ਹੈ ਜਿਸਨੇ ਗਿਆਨ ਵਿਗਿਆਨ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਇਸ ਦਰਸ਼ਨ ਦੇ ਮੋਢੀ ਮਹਾਰਿਸ਼ੀ ਗੌਤਮ ਸਨ ਜਿਨ੍ਹਾਂ ਨੂੰ ਅਕਸ਼ਪਾਦ ਵੀ ਕਿਹਾ ਜਾਂਦਾ ਹੈ। ਨਿਆਇ ਦਰਸ਼ਨ ਨੂੰ ਤਰਕ ਪ੍ਰਧਾਨ ਹੋਣ ਕਾਰਣ ਤਰਕ ਸ਼ਾਸਤਰ, ਪ੍ਰਮਾਣ ਸ਼ਾਸਤਰ, ਹੇਤੂ ਵਿਦਿਆ, ਵਾਦ ਵਿਦਿਆ ਵੀ ਕਿਹਾ ਜਾਂਦਾ ਹੈ।

ਇਹ 16 ਪਦਾਰਥਾਂ ਵਿੱਚ ਵਿਸ਼ਵਾਸ ਕਰਦਾ ਹੈ। ਭਾਵੇਂ ਇਸ ਦਰਸ਼ਨ ਨੇ ਤੱਤ ਵਿਗਿਆਨ ਦੇ ਖੇਤਰ ਵਿੱਚ ਵੀ ਯੋਗਦਾਨ ਕੀਤਾ, ਪਰ ਇਸਦਾ ਭਾਰਤੀ ਵੈਦਿਕ ਪ੍ਰਣਾਲੀਆਂ ਵਿੱਚ ਮੁੱਖ ਤੌਰ ਤੇ ਗਿਆਨ ਵਿਗਿਆਨ ਦੇ ਖੇਤਰ ਵਿੱਚ ਪ੍ਰਮਾਣ ਸ਼ਾਸ਼ਤਰ ਦੇ ਰੂਪ ਵਿੱਚ ਯੋਗਦਾਨ ਹੈ।

## 2.1.2 ਪ੍ਰਮਾ ਅਤੇ ਅਪ੍ਰਮਾ

ਸ਼ੁਧ ਗਿਆਨ ਨੂੰ ਪ੍ਰਮਾ ਅਤੇ ਅਸ਼ੁੱਧ ਗਿਆਨ ਨੂੰ ਅਪ੍ਰਮਾ ਕਿਹਾ ਜਾਂਦਾ ਹੈ। ਸ਼ੁੱਧ ਗਿਆਨ ਦੀ ਪ੍ਰਾਪਤੀ ਦੇ ਸਾਧਨ ਨੂੰ ਪ੍ਰਮਾਣ ਕਿਹਾ ਜਾਂਦਾ ਹੈ। ਨਿਆਂ ਦਰਸ਼ਨ ਵਿੱਚ ਚਾਰ ਪ੍ਰਮਾਣ ਮੰਨੇ ਜਾਂਦੇ ਹਨ:

(i) ਪ੍ਰਤੱਖ (Perception)
(ii) ਅਨੁਮਾਨ (Inference)
(iii) ਉਪਮਾਨ (Comparison)
(iv) ਸ਼ਬਦ (Verbal Testinomy)

## 2.1.3 ਪ੍ਰਤੱਖ (Perception)

ਇੰਦਰੀਆਂ ਅਤੇ ਵਿਸ਼ਿਆਂ ਦੇ ਸੰਪਰਕ ਤੋਂ ਉਤਪੰਨ ਹੋਏ ਗਿਆਨ ਨੂੰ ਪ੍ਰਤੱਖ ਕਿਹਾ ਜਾਂਦਾ ਹੈ ਜਦੋਂ ਵੱਖ-ਵੱਖ ਇੰਦਰੀਆਂ ਆਪਣੇ ਵੱਖਰੇ-ਵੱਖਰੇ ਵਿਸ਼ਿਆਂ ਨਾਲ ਸੰਪਰਕ ਵਿੱਚ ਆਉਂਦੀਆਂ ਹਨ ਤਾਂ ਪ੍ਰਤੱਖ ਗਿਆਨ ਉਤਪੰਨ ਹੁੰਦਾ ਹੈ। ਇਹ ਗਿਆਨ ਬਾਹਰੀ ਵਿਸ਼ਿਆਂ ਦਾ ਹੁੰਦਾ ਹੈ। ਪਰ ਜਦੋਂ ਸਾਨੂੰ ਅੰਦਰ ਦੇ ਵਿਸ਼ਿਆਂ ਜਿਵੇਂ ਦੁੱਖ, ਸੁੱਖ, ਆਲਸ ਆਦਿ ਦਾ ਗਿਆਨ ਹੁੰਦਾ ਹੈ ਤਾਂ ਇਹ ਇੰਦਰੀਆਂ ਰਾਹੀਂ ਨਹੀਂ ਹੁੰਦਾ। ਇਸ ਲਈ ਬਾਦ ਦੇ ਨਿਆਂ ਸ਼ਾਸਤਰੀਆਂ ਨੇ ਪ੍ਰਤੱਖ ਨੂੰ ਸ਼ਾਕਸ਼ਾਤ ਪ੍ਰਤੀਤੀ (Direct Apprehension) ਕਿਹਾ ਹੈ।

### 2.1.3.1 ਪ੍ਰੱਤਖ ਦੇ ਖੇਤਰ

ਨਿਆਂਇ ਦਰਸ਼ਨ ਅਨੁਸਾਰ ਪ੍ਰੱਤਖ ਦੇ ਦੋ ਖੇਤਰ ਹਨ:

1) ਬਾਹਰੀ ਪ੍ਰੱਤਖ : ਬਾਹਰੀ ਪ੍ਰੱਤਖ ਵਿੱਚ ਬਾਹਰੀ ਗਿਆਨ ਇੰਦਰੀਆਂ ਵਿਸ਼ਿਆਂ ਦੇ ਸੰਪਰਕ ਵਿੱਚ ਆਉਂਦੀਆਂ ਹਨ ਜਿਵੇਂ ਦੇਖਣਾ, ਸੁਣਨਾ, ਸਵਾਦ ਲੈਣਾ ਆਦਿ।

2) ਅੰਦਰੂਨੀ ਪ੍ਰੱਤਖ : ਜਦੋਂ ਮਨ ਨੂੰ ਅੰਦਰੂਨੀ ਵਿਸ਼ਿਆਂ ਦੀ ਜਿਵੇਂ ਸੁੱਖ, ਦੁੱਖ, ਰਾਗ, ਮੋਹ ਆਦਿ ਦੀ ਅਨੁਭੂਤੀ ਹੁੰਦੀ ਤਾਂ ਉਸਨੂੰ ਅੰਦਰੂਨੀ ਪ੍ਰੱਤਖ ਕਿਹਾ ਜਾਂਦਾ ਹੈ।

### 2.1.3.2 ਪ੍ਰੱਤਖ ਦੀਆਂ ਅਵਸਥਾਵਾਂ

ਨਿਆਂਇ ਦਰਸ਼ਨ ਅਨੁਸਾਰ ਪ੍ਰੱਤਖ ਦੀਆਂ ਦੋ ਅਵਸਥਾਵਾਂ ਹਨ:

1) ਨਿਰਵਿਕਲਪ ਪ੍ਰੱਤਖ 2) ਸਵਿਕਲਪ ਪ੍ਰੱਤਖ

2.1.3.2.1 **ਨਿਰਵਿਕਲਪ ਪ੍ਰੱਤਖ** : ਨਿਰਵਿਕਲਪ ਪ੍ਰੱਤਖ ਵਿੱਚ ਵਿਸ਼ੇ ਦਾ ਦੂਰ ਤੋਂ ਗਿਆਨ ਹੁੰਦਾ ਹੈ। ਇਸ ਅਵਸਥਾ ਵਿੱਚ ਵਿਸ਼ੇ ਦਾ ਦੂਰ ਤੋਂ ਕੇਵਲ ਪਤਾ ਚਲਦਾ ਹੈ (ਅਵਲੋਕਨ)। ਉਹ ਕੀ ਹੈ, ਉਸਦਾ ਨਾਂ ਕੀ ਹੈ, ਅਤੇ ਉਸਦਾ ਸਾਡੇ ਨਾਲ ਕੀ ਸੰਬੰਧ ਹੈ, ਇਸਦਾ ਗਿਆਨ ਨਹੀਂ ਹੁੰਦਾ

2.1.3.2.2 **ਸਵਿਕਲਪ ਪ੍ਰੱਤਖ** : ਇਸ ਅਵਸਥਾ ਵਿੱਚ ਵਿਸ਼ਾ ਗਿਆਤਾ ਦੇ ਕੋਲ ਆ ਜਾਂਦਾ ਹੈ ਅਤੇ ਗਿਆਤਾ ਉਸਨੂੰ ਚੰਗੀ ਤਰ੍ਹਾਂ ਅਨੁਭਵ ਕਰ ਕੇ ਆਪਣੇ ਪੂਰਵ ਦੇ ਗਿਆਨ ਨਾਲ ਜੋੜ ਕੇ ਉਸਨੂੰ ਪਰਿਭਾਸ਼ਿਤ ਕਰ ਲੈਂਦਾ ਹੈ। ਉਸ ਦਾ ਨਾਂ, ਗੁਣ ਅਤੇ ਆਪਣੇ ਨਾਲ ਉਸਦੇ ਸੰਬੰਧ ਦਾ ਗਿਆਨ ਪ੍ਰਾਪਤ ਕਰਦਾ ਹੈ।

### 2.1.3.3 ਪ੍ਰੱਤਖ ਦੇ ਭੇਦ :

ਪ੍ਰੱਤਖ ਦੇ ਦੋ ਭੇਦ ਕਿੱਤੇ ਗਏ ਹਨ :

1) ਲੋਕਿਕ 2) ਅਲੋਕਿਕ

2.1.3.3.1 **ਲੋਕਿਕ** : ਲੋਕਿਕ ਜਾਂ ਸਧਾਰਨ ਪ੍ਰੱਤਖ ਗਿਆਨ ਇੰਦਰੀਆਂ ਦੇ ਸਾਧਾਰਨ ਰੂਪ ਵਿੱਚ ਵਿਸ਼ਿਆਂ ਦੇ ਸੰਪਰਕ ਤੋਂ ਉਤਪੰਨ ਹੋਇਆ ਗਿਆਨ ਹੈ। ਇਸ ਦੇ ਦੋ ਪ੍ਰਕਾਰ ਹੁੰਦੇ ਹਨ:

1) ਅੰਦਰੂਨੀ 2) ਬਾਹਰੀ

ਅੰਦਰੂਨੀ ਪ੍ਰੱਤਖ ਵਿੱਚ ਮਨ ਅੰਦਰੂਨੀ ਮਾਨਸਿਕ ਪ੍ਰਕਿਆਵਾਂ ਜਿਵੇਂ : ਦੁੱਖ, ਸੁੱਖ, ਰਾਗ, ਦਵੇਸ਼, ਆਲਸ, ਮੋਹ ਦੇ ਸੰਪਰਕ ਵਿੱਚ ਆਉਂਦਾ ਹੈ।

ਬਾਹਰੀ ਪ੍ਰੱਤਖ ਪੰਜ ਗਿਆਨ ਇੰਦਰੀਆਂ ਦੇ ਬਾਹਰੀ ਵਿਸ਼ਿਆਂ ਦੇ ਸੰਪਰਕ ਤੋਂ ਉਤਪੰਨ ਹੁੰਦਾ ਹੈ। ਵੇਖਣਾ, ਸੁੰਨਣਾ, ਛੂਹਣਾ, ਸੁੰਗਣਾ ਅਤੇ ਚੱਖਣਾ ਇਹ ਪੰਜ ਗਿਆਨ ਇੰਦਰੀਆਂ ਹਨ, ਜਿਨ੍ਹਾਂ ਤੋਂ ਕ੍ਰਮਵਾਰ ਆਪਣੇ -ਆਪਣੇ ਵਿਸ਼ੇ ਦਾ ਗਿਆਨ ਹਾਸਲ ਹੁੰਦਾ ਹੈ।

2.1.3.2.2 **ਅਲੋਕਿਕ ਪ੍ਰੱਤਖ** : ਅਲੋਕਿਕ ਪ੍ਰੱਤਖ ਵਿੱਚ ਸਧਾਰਨ ਪ੍ਰੱਤਖ ਦੀ ਤਰ੍ਹਾਂ ਗਿਆਨ ਇੰਦਰੀਆਂ ਦਾ ਵਿਸ਼ਿਆਂ ਨਾਲ ਸੰਪਰਕ ਨਹੀਂ ਹੁੰਦਾ। ਇਸ ਦੇ ਤਿੰਨ ਭੇਦ ਹਨ:

I) ਸਮਾਨਯ ਲੱਛਣ II) ਗਿਆਨ ਲੱਛਣ III) ਯੋਗਜ

2.1.3.3.2.1 **ਸਮਾਨਯ ਲੱਛਣ** : ਇਹ ਅਲੋਕਿਕ ਪ੍ਰੱਤਖ ਦੀ ਕਿਸਮ ਹੈ ਜਿਸ ਵਿੱਚ ਇਕ ਵਿਸ਼ੇਸ਼ ਵਸਤੂ ਨੂੰ ਦੇਖ ਕੇ ਅਸੀਂ ਉਸ ਵਰਗ ਦੀਆਂ ਸਾਰੀਆਂ ਵਸਤਾਂ ਦਾ ਪ੍ਰੱਤਖ ਕਰ ਲੈਂਦੇ ਹਾਂ, ਜਿਵੇਂ ਇੱਕ ਗਾਂ ਨੂੰ ਦੇਖ ਕੇ ਸਾਰੀਆਂ ਗਾਵਾਂ ਦੇ ਸਮਾਨਯ ਗੁਣ ਜਿਨ੍ਹਾਂ ਕਾਰਣ ਉਹ ਗਾਵਾਂ ਹਨ ਨੂੰ ਦੇਖ ਲੈਂਦੇ ਹਾਂ। ਇਕ ਮਨੁੱਖ ਨੂੰ ਦੇਖ ਕੇ ਉਸ ਵਿੱਚ ਮਨੁੱਖਤਾ ਦੇ ਗਿਆਨ ਰਾਹੀਂ ਸਾਰੇ ਮਨੁੱਖਾਂ ਦੇ ਸਮਾਨਯ ਗੁਣ ਦੇ ਗਿਆਨ ਪ੍ਰਾਪਤ ਕਰਦੇ ਹਾਂ।

2.1.3.3.2.2 **ਗਿਆਨ ਲੱਛਣ** : ਅਲੋਕਿਕ ਪ੍ਰੱਤਖ ਦੀ ਇਸ ਕਿਸਮ ਵਿੱਚ ਇਕ ਵਸਤੂ ਨੂੰ ਦੇਖ ਕੇ ਉਸ

ਨਾਲ ਸੰਬੰਧਿਤ ਹੋਰ ਗੁਣਾ ਦਾ ਪ੍ਰਤੱਖ ਕਰਦੇ ਹਾਂ। ਜਿਵੇਂ ਬਰਫ਼ ਨੂੰ ਵੇਖ ਕੇ ਉਸ ਦੇ ਠੰਡੇ ਹੋਣ ਦਾ ਗਿਆਨ। ਚੰਦਨ ਨੂੰ ਦੇਖਦੇ ਉਸ ਦੀ ਖੁਸ਼ਬੂ ਦਾ ਗਿਆਨ। ਭਾਵੇਂ ਅੱਖਾਂ ਚੰਦਨ ਨੂੰ ਦੂਰ ਤੋਂ ਦੇਖ ਰਹੀਆਂ ਹੁੰਦੀਆਂ ਹਨ ਅਤੇ ਉਸਦੀ ਸੁਗੰਧ ਸਾਡੇ ਤੱਕ ਨਹੀਂ ਪਹੁੰਚ ਰਹੀ ਹੁੰਦੀ, ਪਰ ਪੁਰਾਣੇ ਅਨੁਭਵਾਂ ਦੇ ਆਧਾਰ ਤੇ ਅਸੀਂ ਸੁਗੰਧ ਦਾ ਗਿਆਨ ਪ੍ਰਾਪਤ ਕਰਦੇ ਹਾਂ।

2.1.3.3.2.3 **ਯੋਗਜ** : ਯੋਗ ਦੁਆਰਾ ਯੋਗਿਆਂ ਨੂੰ ਹੋਣ ਵਾਲੇ ਆਲੋਕਿਕ ਪ੍ਰਤੱਖ ਨੂੰ ਯੋਗਜ ਕਿਹਾ ਜਾਂਦਾ ਹੈ। ਇਸ ਪ੍ਰਤੱਖ ਰਾਹੀਂ ਯੋਗੀ ਦੂਰ ਦੇ, ਪਹਿਲੇ ਹੋਏ, ਅੱਗੇ ਹੋਣ ਵਾਲੇ ਅਤੇ ਦੂਜਿਆਂ ਦੇ ਮਨ ਦਾ ਪ੍ਰਤੱਖ ਕਰ ਲੈਂਦਾ ਹੈ।

### 2.1.4 ਅਨੁਮਾਨ (Inferance):–

ਅਨੁਮਾਨ ਅਜਿਹਾ ਪ੍ਰਮਾਣ ਹੈ ਜੋ ਕਿਸੇ ਦੂਜੇ ਪ੍ਰਮਾਣ ਤੇ ਅਧਾਰਿਤ ਹੁੰਦਾ ਹੈ। ਅਨੁਮਾਨ ਦੋ ਸ਼ਬਦਾਂ ਦੇ ਮੇਲ 'ਅਨੁ' ਅਤੇ 'ਮਾਨ' ਦੇ ਯਗੋ ਤੋਂ ਬਣਦਾ ਹੈ। ਅਨੁ ਦਾ ਅਰਥ ਗਿਆਨ ਅਤੇ ਮਾਨ ਦਾ ਅਰਥ ਬਾਅਦ ਹੁੰਦਾ ਹੈ। ਇਸ ਤਰ੍ਹਾਂ ਅਨੁਮਾਨ ਦਾ ਅਰਥ ਬਾਅਦ ਵਿੱਚ ਉਤਪੰਨ ਹੋਇਆ ਗਿਆ ਹੁੰਦਾ ਹੈ। ਇਸ ਤਰ੍ਹਾਂ ਅਨੁਮਾਨ ਦੂਜੇ ਪ੍ਰਮਾਣ ਤੋਂ ਬਾਅਦ ਉਤਪੰਨ ਹੋਇਆ ਗਿਆ ਹੈ।

ਨਿਆਇ ਵਿੱਚ ਇਸ ਦਾ ਉਦਾਹਰਣ ਇਸ ਤਰ੍ਹਾਂ ਹੈ:

ਪਰਬਤ ਤੇ ਧੂੰਆਂ ਹੈ।

ਜਿਥੇ-ਜਿਥੇ ਧੂੰਆਂ ਹੈ ਉਥੇ-ਉਥੇ ਅੱਗ ਹੈ।

ਇਸ ਲਈ ਪਰਬਤ ਤੇ ਅੱਗ ਹੈ।

ਇਸ ਉਦਾਹਰਣ ਵਿੱਚ ਧੂੰਆਂ ਮੱਧ ਪਦ ਹੈ, ਜਿਸਨੂੰ ਨਿਆਇ ਵਿੱਚ ਲਿੰਗ ਜਾਂ ਹੇਤੂ ਕਿਹਾ ਗਿਆ ਹੈ। ਅੱਗ ਜੋ ਵੱਡਾ ਪਦ ਹੈ ਨੂੰ ਸਾਧਿਆਂ ਅਤੇ ਪਰਬਤ ਛੋਟੇ ਪਦ ਨੂੰ ਪੱਖ ਕਿਹਾ ਗਿਆ ਹੈ।

ਹੇਤੂ ਅਤੇ ਸਾਧਿਆ ਦੇ ਸਮਾਨਯ ਸੰਬੰਧ ਨੂੰ ਵਿਆਪਤੀ ਕਿਹਾ ਜਾਂਦਾ ਹੈ ਜੋ ਅਨੁਮਾਨ ਦਾ ਆਧਾਰ ਹੈ। ਹੇਤੂ ਅਤੇ ਪੱਖ ਦੇ ਸੰਬੰਧ ਨੂੰ ਪੱਖ ਧਰਮਤਤਾ ਕਿਹਾ ਜਾਂਦਾ ਹੈ।

ਵਿਆਪਤੀ ਰਾਹੀਂ ਪੱਖ ਧਰਮਤਤਾ ਦੇ ਗਿਆਨ ਨੂੰ ਪਰਮਾਰਸ਼ ਕਿਹਾ ਜਾਂਦਾ ਹੈ। ਇਸ ਤਰ੍ਹਾਂ ਅਨੁਮਾਨ ਦੀ ਇਕ ਹੋਰ ਪਰਿਭਾਸ਼ਾ ਪਰਮਾਰਸ਼ ਰਾਹੀਂ ਉਤਪੰਨ ਹੋਇਆ ਗਿਆਨ ਹੈ।

#### 2.1.4.1 ਅਨੁਮਾਨ ਦੀ ਵੰਡ :

ਨਿਆਇ ਅਨੁਸਾਰ ਅਨੁਮਾਨ ਨੂੰ ਤਿੰਨ ਅਧਾਰਾਂ ਤੇ ਵੰਡਿਆ ਜਾ ਸਕਦਾ ਹੈ:

2.1.4.1.1 **ਪ੍ਰਯੋਜਨ ਦੇ ਆਧਾਰ ਤੇ**

2.1.4.1.2 **ਵਿਆਪਤੀ ਦੀਆਂ ਕਿਸਮਾਂ ਦੇ ਅਧਾਰ ਤੇ**

2.1.4.1.3 **ਵਿਆਪਤੀ ਦੀ ਸਥਾਪਨਾ ਦੇ ਆਧਾਰ ਤੇ**

#### 2.1.4.1.1 ਪ੍ਰਯੋਜਨ ਦੇ ਆਧਾਰ ਤੇ ਅਨੁਮਾਨ ਦੀਆਂ ਕਿਸਮਾਂ

ਪ੍ਰਯੋਜਨ ਦੇ ਆਧਾਰ ਤੇ ਅਨੁਮਾਨ ਦੀਆਂ ਦੋ ਕਿਸਮਾਂ ਹਨ:

1) ਸਵਾਰਥ ਅਨੁਮਾਨ 2) ਪਰਾਰਥ ਅਨੁਮਾਨ

ਆਪਣੇ ਲਈ ਹੀ ਕੀਤੇ ਹੋਏ ਅਨੁਮਾਨ ਨੂੰ ਸਵਾਰਥ ਅਨੁਮਾਨ ਕਿਹਾ ਜਾਂਦਾ ਹੈ। ਇਸ ਦੀ ਪ੍ਰਕ੍ਰਿਆ ਮਨ ਵਿੱਚ ਹੀ ਚਲਦੀ ਹੈ ਅਤੇ ਇਸਨੂੰ ਤਰਕਵਾਕਾਂ ਦੇ ਰੂਪ ਵਿੱਚ ਪੇਸ਼ ਕਰਨ ਦੀ ਲੋੜ ਨਹੀਂ ਹੁੰਦੀ।

ਜਦੋਂ ਅਸੀਂ ਅਨੁਮਾਨ ਦਾ ਪ੍ਰਯੋਗ ਕਿਸੇ ਦੂਜੇ ਨੂੰ ਸਮਝਾਉਣ ਲਈ ਕਰਦੇ ਹਾਂ ਤਾਂ ਇਸਨੂੰ ਪਰਾਰਥ ਅਨੁਮਾਨ ਕਿਹਾ ਜਾਂਦਾ ਹੈ ਅਤੇ ਇਸਨੂੰ ਵੱਖ-ਵੱਖ ਤਰਕਵਾਕਾਂ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਨਿਆਇ ਦਰਸ਼ਨ ਅਨੁਸਾਰ ਇਸਦੇ ਪੰਜ ਭਾਗ ਹਨ, ਜਿਨ੍ਹਾਂ ਨੂੰ ਪੰਚ ਅਵਯਵ ਕਿਹਾ ਜਾਂਦਾ ਹੈ, ਜੋ ਇਸ ਪ੍ਰਕਾਰ ਹਨ:

1) ਪ੍ਰਤੀਗਿਆ ਜਾ ਤਰਕਵਾਕ

2) ਹੇਤੂ ਜਾਂ ਕਾਰਣ

3) ਉਦਾਹਰਣ

4) ਉਪਨਯ (ਉਦਾਹਰਣ ਨੂੰ ਸੰਬੰਧਤ ਘਟਨਾਂ ਤੇ ਲਾਗੂ ਕਰਨਾ)

5) ਨਿਗਮਨ ਜਾਂ ਸਿੱਟਾ

ਨਿਆਂ ਦਰਸ਼ਨ ਵਿੱਚ ਉਦਾਹਰਣ ਨੂੰ ਪੰਜ ਅਵਯਵਾ ਦੇ ਰੂਪ ਵਿੱਚ ਇਸ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ।

1) ਪਰਬਤ ਤੇ ਅੱਗ ਹੈ। (ਪ੍ਰਤੀਗਿਆ)

2) ਕਿਉਂਕਿ ਪਰਬਤ ਤੇ ਧੂੰਆਂ ਹੈ। (ਹੇਤੂ)

3) ਜਿਥੇ-ਜਿਥੇ ਧੂੰਆਂ ਹੈ ਉਥੇ-ਉਥੇ ਅੱਗ ਹੈ। ਜਿਵੇਂ ਚੁੱਲ੍ਹਾ (ਉਦਾਹਰਣ)।

4) ਇਸ ਪਰਬਤ ਤੇ ਧੂੰਆਂ ਹੈ। (ਉਪਨਯ)

5) ਇਸ ਲਈ ਇਸ ਪਰਬਤ ਤੇ ਅੱਗ ਹੈ। (ਨਿਗਮਨ)

2.1.4.1.2 **ਵਿਆਪਤੀ ਦੇ ਆਧਾਰ ਤੇ** : ਵਿਆਪਤੀ ਦੇ ਆਧਾਰ ਤੇ ਅਨੁਮਾਨ ਦੀਆਂ ਤਿੰਨ ਕਿਸਮਾਂ ਹਨ:

1) ਪੂਰਵਵਤ ਅਨੁਮਾਨ

2) ਸ਼ੇਸ਼ਵਤ ਅਨੁਮਾਨ

3) ਸਮਾਨਯ ਤੋਂ ਦ੍ਰਿਸ਼ਟਮ

**2.1.4.1.2.1 ਪੂਰਵਵਤ ਅਨੁਮਾਨ**

ਪੂਰਵ ਨੂੰ ਵੇਖ ਕੇ ਭਵਿੱਖ ਦੇ ਅਨੁਮਾਨ ਦੀ ਪ੍ਰਕ੍ਰਿਆ ਨੂੰ ਪੂਰਵਵਤ ਅਨੁਮਾਨ ਕਿਹਾ ਜਾਂਦਾ ਹੈ। ਇਹ ਕਾਰਜ ਕਾਰਨ ਸੰਬੰਧ ਤੇ ਆਧਾਰਿਤ ਹੈ। ਇਸ ਵਿੱਚ ਵਰਤਮਾਨ ਦੀ ਸਥਿਤੀ ਦੇ ਆਧਾਰ ਤੇ ਭਵਿੱਖ ਦਾ ਅਨੁਮਾਨ ਲਗਾਇਆ ਜਾਂਦਾ ਹੈ। ਬਦਲਾਂ ਨੂੰ ਵੇਖ ਕੇ ਵਰਖਾ ਦਾ ਅਨੁਮਾਨ ਇਸ ਕਿਸਮ ਦਾ ਉਦਾਹਰਣ ਹੈ।

**2.1.4.1.2.2 ਸ਼ੇਸ਼ਵਤ ਅਨੁਮਾਨ**

ਇਹ ਪੂਰਵਵਤ ਅਨੁਮਾਨ ਤੋਂ ਬਿਲਕੁਲ ਉਲਟ ਹੈ। ਇਸ ਵਿੱਚ ਕਾਰਜ ਨੂੰ ਵੇਖ ਕੇ ਕਾਰਣ ਦਾ ਜਾਂ ਵਰਤਮਾਨ ਨੂੰ ਵੇਖ ਕੇ ਭੂਤ ਦਾ ਅਨੁਮਾਨ ਲਗਾਇਆ ਜਾਂਦਾ ਹੈ। ਨਦੀ ਵਿੱਚ ਆਏ ਹੜ੍ਹ ਨੂੰ ਵੇਖ ਕੇ ਉਪਰ ਪਹਾੜਾਂ ਵਿੱਚ ਪਹਿਲਾਂ ਹੋਈ ਵਰਖਾ ਦਾ ਅਨੁਮਾਨ ਲਗਾਉਂਦੇ ਹਾਂ।

**2.1.4.1.2.3 ਸਮਾਨਯ ਤੋਂ ਦ੍ਰਿਸ਼ਟਮ**

ਸਮਾਨਯ ਨਿਯਮ ਦੇ ਆਧਾਰ ਤੇ ਲਗਾਏ ਜਾਣ ਵਾਲੇ ਅਨੁਮਾਨ ਨੂੰ ਸਮਾਨਯ ਤੋਂ ਦ੍ਰਿਸ਼ਟਾਮ ਕਿਹਾ ਜਾਂਦਾ ਹੈ। ਜਿਵੇਂ ਸੂਰਜ ਦੀ ਗਤੀ ਤੋਂ ਪ੍ਰਿਥਵੀ ਦੀ ਗਤੀ ਦਾ ਅਨੁਮਾਨ ਜਾਂ ਜੀਵ ਪ੍ਰਾਣੀਆਂ ਨੂੰ ਵੇਖ ਕੇ ਉਨ੍ਹਾਂ ਵਿੱਚ ਚੇਤਨਾ ਦਾ ਅਨੁਮਾਨ।

**2.1.4.1.3 ਵਿਆਪਤੀ ਦੀ ਸਥਾਪਨਾ ਦੇ ਆਧਾਰ ਤੇ ਵੰਡ**

ਵਿਆਪਤੀ ਦੀ ਸਥਾਪਨਾ ਦੇ ਆਧਾਰ ਤੇ ਅਨੁਮਾਨ ਦੀਆਂ ਤਿੰਨ ਕਿਸਮਾਂ ਹਨ:

2.1.4.1.3.1 **ਕੇਵਲ ਅਨਵਯੀ**

2.1.4.1.3.2 **ਕੇਵਲ ਵਯਤਰਕੀ**

2.1.4.1.3.3 **ਅਨਵਯ ਵਯਤਰਕੀ**

2.1.4.1.3.1 **ਕੇਵਲ ਅਨਵਯੀ** : ਅਨੁਮਾਨ ਦੀ ਇਸ ਕਿਸਮ ਵਿਚ ਹੇਤੂ (ਮੱਧ ਪਦ) ਅਤੇ ਸਾਧਿਏ (ਵੱਡਾ ਪਦ) ਵਿੱਚ ਸਵੀਕਾਰਤਮਕ ਸੰਬੰਧ ਹੁੰਦਾ ਹੈ।

ਉਦਾਹਰਣ : ਜਿੱਥੇ-ਜਿੱਥੇ ਧੂੰਆਂ ਹੈ ਉੱਥੇ-ਉੱਥੇ ਅੱਗ ਹੈ ਜਿਵੇਂ : ਰਸੋਈ

ਪਰਬਤ ਤੇ ਧੂੰਆਂ ਹੈ।

ਇਸ ਲਈ ਪਰਬਤ ਤੇ ਅੱਗ ਹੈ।

2.1.4.1.3.2 **ਕੇਵਲ ਵਯਤਰਕੀ** : ਇਸ ਵਿੱਚ ਹੇਤੂ ਜਾਂ ਲਿੰਗ (ਮੱਧ ਪਦ) ਸਾਧਿਏ (ਵੱਡੇ ਪਦ) ਨਾਲ ਨਿਖੇਧਾਤਮਕ ਰੂਪ ਨਾਲ ਜੁੜਿਆ ਹੁੰਦਾ ਹੈ।

ਉਦਾਹਰਣ : ਜਿਸ ਵਸਤੂ ਵਿੱਚ ਸੁਗੰਧ ਨਹੀਂ ਉਹ ਹੋਰ ਵਸਤਾਂ ਤੋਂ ਵੱਖਰੀ ਨਹੀਂ।

ਧਰਤੀ ਵਿੱਚ ਸੁਗੰਧ ਹੈ।

ਇਸ ਲਈ ਧਰਤੀ ਹੋਰਾਂ ਵਸਤਾਂ ਤੋਂ ਵੱਖ ਹੈ।

### 2.1.4.1.3.3 ਅਨਵਯ – ਵਯਤਰਕੀ

ਇਹ ਅਨੁਮਾਨ ਦੀਆਂ ਪਹਿਲੀ ਦੋਵੇਂ ਕਿਸਮਾਂ ਦਾ ਜੋੜ ਹੈ। ਇਸ ਵਿੱਚ ਮੱਧ ਪਦ ਦਾ ਵੱਡੇ ਪਦ ਨਾਲ ਦੋਵੇਂ ਰਚਨਾਤਮਕ ਅਤੇ ਨਿਖੇਧਾਤਮਕ ਸੰਬੰਧ ਹੁੰਦਾ ਹੈ।

ਉਦਾਹਰਣ : ਪਰਬਤ ਤੇ ਧੂੰਆਂ ਹੈ।

ਜਿਥੇ-ਜਿਥੇ ਧੂੰਆਂ ਹੈ ਉੱਥੇ-ਉੱਥੇ ਅੱਗ ਹੈ ਜਿਵੇਂ ਚੁਲ੍ਹਾ।

ਜਿਥੇ ਧੂਆਂ ਨਹੀਂ ਹੈ, ਉੱਥੇ ਅੱਗ ਨਹੀਂ ਹੈ ਜਿਵੇਂ ਦਰਿਆ।

ਇਸ ਲਈ ਪਰਬਤ ਤੇ ਅੱਗ ਹੈ।

### 2.1.5 ਉਪਮਾਨ (Comparison)

ਤੁਲਨਾ ਤੋਂ ਉਤਪੰਨ ਹੋਏ ਗਿਆਨ ਨੂੰ ਉਪਮਾਨ ਕਿਹਾ ਜਾਂਦਾ ਹੈ। ਨਿਆਂ ਦਰਸ਼ਨ ਵਿੱਚ ਇਸਨੂੰ ਸੁਤੰਤਰ ਪ੍ਰਮਾਣ ਮੰਨਿਆ ਗਿਆ ਹੈ। ਇਹ ਦੋ ਵਿਸ਼ਿਆਂ ਦੀ ਤੁਲਨਾ ਤੋਂ ਉਤਪੰਨ ਹੋਇਆ ਗਿਆਨ ਹੈ। ਉਪਮਾਨ ਸ਼ਬਦ ਅਤੇ ਉਸ ਦੇ ਸੰਕੇਤ ਦੇ ਸੰਬੰਧ ਤੋਂ ਪੈਦਾ ਹੋਇਆ ਗਿਆ ਹੈ। ਸਮਾਨਤਾ ਇਸ ਦਾ ਅਧਾਰ ਹੈ।

ਉਦਾਹਰਣ : ਸ਼ਹਿਰ ਵਿੱਚ ਰਹਿਣ ਵਾਲਾ ਵਿਅਕਤੀ ਨੀਲ ਗਾਂ ਨੂੰ ਨਹੀਂ ਜਾਣਦਾ। ਕੋਈ ਸ਼ਿਕਾਰੀ ਜੋ ਜੰਗਲ ਵਿੱਚ ਜਾਂਦਾ ਰਹਿੰਦਾ ਹੈ ਅਤੇ ਜਿਸ ਨੇ ਨੀਲ ਗਾਂ ਦੇਖੀ ਹੈ, ਉਹ ਉਸਨੂੰ ਦੱਸਦਾ ਹੈ ਕਿ ਨੀਲ ਗਾਂ ਆਮ ਗਾਂ ਵਰਗੀ ਹੁੰਦੀ ਹੈ ਪਰ ਉਹ ਬਹੁਤ ਤੇਜ਼ ਭਜਦੀ ਹੈ। ਜਦੋਂ ਉਹ ਸ਼ਹਿਰ ਵਿੱਚ ਰਹਿਣ ਵਾਲਾ ਵਿਅਕਤੀ ਜੰਗਲ ਵਿੱਚ ਜਾ ਕੇ ਨੀਲ ਗਾਂ ਨੂੰ ਵੇਖਦਾ ਹੈ ਜੋ ਉਸਨੇ ਪਹਿਲੇ ਨਹੀਂ ਦੇਖੀ ਤਾਂ ਉਹ ਉਪਮਾਨ ਰਾਹੀਂ ਇਸ ਦਾ ਗਿਆਨ ਪ੍ਰਾਪਤ ਕਰਦਾ ਹੈ।

### 2.1.6 ਸ਼ਬਦ ਜਾਂ ਸਾਖੀ (Verbal Testimony)

ਕਿਸੇ ਭਰੋਸੇਯੋਗ ਵਿਅਕਤੀ ਦੁਆਰਾ ਦਿੱਤਾ ਗਿਆ ਗਿਆਨ ਸ਼ਬਦ ਪ੍ਰਮਾਣ ਹੈ। ਇਹ ਗਿਆਨ ਭਰੋਸੇਯੋਗ ਵਿਅਕਤੀ ਦੀ ਵਾਣੀ ਦੁਆਰਾ ਜਾਂ ਪੁਸਤਕ ਪ੍ਰਾਪਤ ਹੋ ਸਕਦਾ ਹੈ। ਇਹ ਸ਼ਬਦ ਦੁਆਰਾ ਕਿਹਾ ਜਾਂ ਲਿਖਿਆ ਗਿਆ ਅੱਖਰੀ ਗਿਆਨ ਹੈ। ਸ਼ਬਦ ਪ੍ਰਮਾਣ ਇਕ ਭਰੋਸੇਯੋਗ ਵਿਅਕਤੀ ਦਾ ਵਾਕ ਹੁੰਦਾ ਹੈ ਜੋ ਉਸ ਵਾਕ ਰਾਹੀਂ ਪ੍ਰਗਟ ਅਰਥਾਂ ਤੋਂ ਬਣਦਾ ਹੈ।

### 2.1.6.1 ਸ਼ਬਦ ਪ੍ਰਮਾਣ ਦੀਆਂ ਸ਼ਰਤਾਂ

ਨਿਆਂ ਅਨੁਸਾਰ ਸ਼ਬਦ ਦੇ ਪ੍ਰਮਾਣ ਬਣਨ ਲਈ ਹੇਠ ਲਿਖੀਆਂ ਚਾਰ ਸ਼ਰਤਾਂ ਹੁੰਦੀਆਂ ਹਨ:

2.1.6.1.1 **ਅਕਾਂਕਸ਼ਾ**

2.1.6.1.2 **ਯੋਗਤਾ**

2.1.6.1.3 **ਸਨਿੱਧੀ**

2.1.6.1.4 **ਤੱਤਪ੍ਰਯਾ**

2.1.6.1.1 **ਅਕਾਂਕਸ਼ਾ** : ਵਾਕ ਵਿੱਚ ਵਰਤੇ ਜਾਣ ਵਾਲੇ ਸ਼ਬਦ ਵਿੱਚ ਅਰਥ ਪੂਰਨ ਸੰਬੰਧ ਹੋਣਾ ਚਾਹੀਦਾ

ਹੈ। ਇਸ ਸ਼ਰਤ ਨੂੰ ਅਕਾਕਸ਼ਾਂ ਕਿਹਾ ਜਾਂਦਾ ਹੈ। ਵਾਕ ਕੇਵਲ ਸ਼ਬਦਾਂ ਦਾ ਸਮੂਹ ਨਹੀਂ ਹੈ ਜਿਵੇਂ 'ਮਨੁੱਖ ਜਲ ਕਬੂਤਰ ਜਿਣਾ' ਕੋਈ ਅਰਥਪੂਰਨ ਵਾਕ ਨਹੀਂ ਹੈ। 'ਮਨੁੱਖ ਅਤੇ ਕਬੂਤਰ ਜਲ ਤੋਂ ਬਿਨਾਂ ਜੀ ਨਹੀਂ ਸਕਦੇ।' ਇਹ ਅਰਥਪੂਰਨ ਵਾਕ ਹੈ।

2.1.6.1.2 **ਯੋਗਤਾ** : ਵਾਕ ਵਿੱਚ ਵਰਤੇ ਜਾਣ ਵਾਲੇ ਸ਼ਬਦਾਂ ਦਾ ਆਪਸੀ ਵਿਰੋਧ ਨਹੀਂ ਹੋਣਾ ਚਾਹੀਦਾ, ਨਹੀਂ ਤਾਂ ਉਹ ਸਹੀ ਅਰਥ ਪ੍ਰਗਟ ਕਰਨ ਵਿੱਚ ਅਸਮਰਥ ਰਹਿੰਦਾ ਹੈ ਜਿਵੇਂ ਅੱਗ ਨਾਲ ਪਿਆਸ ਬੁਝਾਉ। ਜਦ ਕਿਸੇ ਵਾਕ ਵਿੱਚ ਸ਼ਬਦ ਦਾ ਆਪਸੀ ਵਿਰੋਧ ਨਹੀਂ ਹੁੰਦਾ ਤਾਂ ਉਸਨੂੰ ਯੋਗਤਾ ਕਿਹਾ ਜਾਂਦਾ ਹੈ।

2.1.6.1.3 **ਸਨਿੱਧੀ** : ਵਾਕ ਵਿੱਚ ਵਰਤੇ ਜਾਣ ਵਾਲੇ ਸ਼ਬਦ ਵਿੱਚ ਥਾਂ ਅਤੇ ਕਾਲ ਦਾ ਵਾਧੂ ਵਾਸਲਾ ਨਹੀਂ ਹੋਣਾ ਚਾਹੀਦਾ ਅਰਥਾਤ ਸ਼ਬਦਾਂ ਦਾ ਪ੍ਰਯੋਗ ਲਗਾਤਾਰ ਹੋਣਾ ਚਾਹੀਦਾ ਹੈ। ਜਿਵੇਂ ਸਾਰੇ .................... ਮਨੁੱਖ .................. ਮਰਨਸ਼ੀਲ ...................... ਹਨ। ਇਹ ਸ਼ਬਦਾਂ ਦਾ ਸਮੂਹ ਕੋਈ ਵੀ ਅਰਥ ਸਪਸ਼ਟ ਕਰਨ ਵਿੱਚ ਅਸਮਰਥ ਹੈ।

2.1.6.1.4 **ਤੱਤਪ੍ਰਜਾ** : ਵੱਖ-ਵੱਖ ਸ਼ਬਦਾਂ ਦਾ ਵੱਖ-ਵੱਖ ਪ੍ਰਸਥਿਤੀਆਂ ਵਿੱਚ ਅਤੇ ਵੱਖ-ਵੱਖ ਲਹਿਜ਼ੇ ਨਾਲ ਵਰਤੇ ਜਾਣ ਤੇ ਵੱਖ-ਵੱਖ ਅਰਥ ਹੋ ਸਕਦੇ ਹਨ। ਜਿਵੇਂ ਜਾਨਵਰ ਸ਼ਬਦ ਪਸ਼ੂਆਂ ਲਈ ਵਰਤੇ ਜਾਣ ਤੇ ਸਹੀ ਸੰਬੋਦਨ ਹੈ ਪਰ ਮਨੁੱਖ ਲਈ ਉਸਦਾ ਗਾਲ ਦੇ ਰੂਪ ਵਿੱਚ ਪ੍ਰਯੋਗ ਹੁੰਦਾ ਹੈ।

### 2.1.6.2 ਸ਼ਬਦ ਦੀ ਵੰਡ

(ੳ) ਸ਼ਬਦ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :

1) ਦ੍ਰਿਸ਼ਟਤਾ 2) ਅਦ੍ਰਿਸ਼ਟਤਾ

2.1.6.2.1 **ਦ੍ਰਿਸ਼ਟਤਾ** : ਦ੍ਰਿਸ਼ਟਤਾ ਵਿੱਚ ਦ੍ਰਿਸ਼ ਜਾਂ ਠੋਸ ਵਸਤੂਆਂ ਦਾ ਗਿਆਨ ਆਉਂਦਾ ਹੈ। ਜਿਵੇ ਕੁਰਸੀ, ਮੇਜ਼, ਮਦਾਨ ਆਦਿ। ਕਿਸੇ ਭਰੋਸੇਯੋਗ ਵਿਅਕਤੀ ਦੁਆਰਾ ਠੋਸ ਵਸਤੂਆਂ ਦਾ ਦਿੱਤਾ ਗਿਆਨ ਦ੍ਰਿਸ਼ਟਤਾ ਸ਼ਬਦ ਹੈ।

2.1.6.2.2 **ਅਦ੍ਰਿਸ਼ਟਤਾ** : ਅਦ੍ਰਿਸ਼ਟਤਾ ਸ਼ਬਦ ਵਿਚ ਨਾ ਵੇਖਣ ਯੋਗ ਵਸਤੂਆਂ ਦਾ ਗਿਆਨ ਹੁੰਦਾ ਹੈ ਜਿਵੇਂ ਆਤਮਾ, ਈਸ਼ਵਰ, ਪੁਨਰਜਨਮ, ਕਰਮਵਾਦ, ਸਵਰਗ, ਨਰਕ ਆਦਿ।

2.1.6.3ਸ਼ਬਦ ਨੂੰ ਇਕ ਹੋਰ ਢੰਗ ਨਾਲ ਵੀ ਵੰਡਿਆ ਜਾਂਦਾ ਹੈ:

1) ਵੈਦਿਕ ਸ਼ਬਦ 2) ਲੌਕਿਕ ਸ਼ਬਦ

2.1.6.3.1 **ਵੈਦਿਕ ਸ਼ਬਦ** : ਈਸ਼ਵਰ ਦੁਆਰਾ ਰਿਸ਼ੀ ਮੁਨੀਆਂ, ਸੰਤਾਂ, ਮਹਾਪੁਰਸ਼ਾਂ ਦੁਆਰਾ ਪ੍ਰਗਟ ਸ਼ਬਦ ਜਾਂ ਵਾਕ ਨੂੰ ਵੈਦਿਕ ਸ਼ਬਦ ਕਿਹਾ ਜਾਂਦਾ ਹੈ। ਭਾਰਤ ਦੇ ਸਾਰੇ ਆਸਤਿਕ ਦਰਸ਼ਨ ਵੇਦਾਂ ਨੂੰ ਈਸ਼ਵਰ ਦੀ ਵਾਣੀ ਦੇ ਰੂਪ ਵਿੱਚ ਮੰਨਦੇ ਹਨ ਅਤੇ ਇਸਨੂੰ ਪ੍ਰਮਾਣ ਮੰਨਦੇ ਹਨ। ਵੇਦ ਕਿਸੇ ਵਿਅਕਤੀ ਰਾਹੀਂ ਪ੍ਰਗਟੇ ਨਾ ਹੋਣ ਕਾਰਣ ਅਪੁਰਸ਼ ਹਨ। ਇਹ ਸ਼ਕ ਤੋਂ ਪਰੇ ਹਨ ਅਤੇ ਅੰਤਿਮ ਪ੍ਰਮਾਣ ਹਨ।

2.1.6.3.2 **ਲੌਕਿਕ ਸ਼ਬਦ** : ਲੌਕਿਕ ਲੋਕਾਂ ਦੁਆਰਾ ਪ੍ਰਗਟ ਸ਼ਬਦ ਜਾਂ ਵਾਣੀ ਹੈ ਜੋ ਗਲਤ ਵੀ ਹੋ ਸਕਦੀ ਹੈ। ਵੈਦਿਕ ਸ਼ਬਦ ਦੀ ਤੁਲਨਾ ਵਿੱਚ ਇਸ ਦਾ ਭਰੋਸਾ ਘੱਟ ਹੈ ਅਤੇ ਦੋਹਾਂ ਦੇ ਵਿਰੋਧ ਦੀ ਸਥਿਤੀ ਵਿੱਚ ਆਸਤਿਕ ਦਰਸ਼ਨ ਵੈਦਿਕ ਸ਼ਬਦ ਨੂੰ ਹੀ ਪ੍ਰਮਾਣ ਮੰਨਦੇ ਹਨ।

### 2.1.7 ਆਪਣੇ ਗਿਆਨ ਦੀ ਪਰਖ ਕਰੋ

1. ਨਿਆਂਇ ਅਨੁਸਾਰ ਪ੍ਰਤੱਖ ਦਾ ਵਿਸਥਾਰ ਸਹਿਤ ਵਰਨਣ ਕਰੋ।

.........................................................................................................................................

..........................................................................................................................................

..........................................................................................................................................

2. ਅਨੁਮਾਨ ਕੀ ਹੈ? ਇਸ ਦੀਆਂ ਕਿਸਮਾਂ ਦਾ ਵਰਨਣ ਕਰੋ।

..........................................................................................................................................

..........................................................................................................................................

..........................................................................................................................................

3. ਨਿਆਂਇ ਦਰਸ਼ਨਾਂ ਵਿਚ ਕਿੰਨ੍ਹੇ ਪ੍ਰਮਾਣਾਂ ਦੀ ਗੱਲ ਕੀਤੀ ਗਈ ਹੈ, ਚਰਚਾ ਕਰੋ।

..........................................................................................................................................

..........................................................................................................................................

..........................................................................................................................................

## 2.1.8 ਮਹੱਤਵਪੂਰਨ ਸ਼ਬਦ

**ਪ੍ਰਤੱਖੀਕਰਨ (Perception)** : ਇੰਦਰੀਆਂ ਅਤੇ ਵਿਸ਼ਿਆਂ ਦੇ ਸੰਪਰਕ ਤੋਂ ਉਤਪੰਨ ਹੋਏ ਗਿਆਨ ਨੂੰ ਪ੍ਰਤੱਖ ਕਰਨ ਗਿਆਨ ਕਿਹਾ ਜਾਂਦਾ ਹੈ। ਇਹ ਗਿਆਨ ਬਾਹਰੀ ਵਿਸ਼ਿਆਂ ਦਾ ਹੁੰਦਾ ਹੈ। ਪ੍ਰਤੱਖ ਦੇ ਦੋ ਖੇਤਰ ਬਾਹਰੀ ਖੇਤਰ ਅਤੇ ਅੰਦਰੂਨੀ ਖੇਤਰ ਹਨ। ਇਸ ਦੀਆਂ ਦੋ ਅਵਸਥਾਵਾਂ ਹਨ ਨਿਰਵਿਕਲਪ ਪ੍ਰਤੱਖ ਅਤੇ ਸਵਿਕਲਪ ਪ੍ਰਤੱਖ ਹਨ ਇਸ ਦੇ ਭੇਦਾਂ ਵਿਚ ਲੋਕਿਕ ਅਤੇ ਅਲੋਕਿਕ ਸ਼ਾਮਲ ਹਨ। ਅਲੋਕਿਕ ਪ੍ਰਤੱਖ ਦੇ ਤਿੰਨ ਲੱਛਣ ਹਨ : ਸਮਾਨਯ ਲੱਛਣ, ਗਿਆਨ ਲੱਛਣ ਅਤੇ ਯੋਗਜ ਲੱਛਣ ਦੱਸੇ ਗਏ ਹਨ।

**ਸ਼ਬਦ ਜਾਂ ਸਾਖੀ (Verbal Testinomy)** : ਕਿਸੇ ਭਰੋਸੇਯੋਗ ਵਿਅਕਤੀ ਦੁਆਰਾ ਦਿੱਤਾ ਗਿਆ ਗਿਆਨ ਸ਼ਬਦ ਪ੍ਰਮਾਣ ਹੈ। ਸ਼ਬਦ ਪ੍ਰਮਾਣ ਦੀਆਂ ਸਰਤਾਂ ਇਹ ਹਨ। (1) ਅਕਾਂਕਸ਼ਾ (2) ਯੋਗਤਾ (3) ਸਨਿੰਧੀ (4) ਤੱਤਪ੍ਰਯਾ ਸ਼ਬਦ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ । (1) ਦ੍ਰਿਸ਼ਟਾ (2) ਅਦ੍ਰਿਸ਼ਟਾ ਇਕ ਹੋਰ ਢੰਗ ਨਾਲ ਵੀ ਵੰਡਿਆ ਜਾ ਸਕਦਾ ਹੈ। ਜਿਵੇਂ 1. ਵੈਦਿਕ ਸ਼ਬਦ 2. ਲੌਕਿਕ ਸ਼ਬਦ।

**ਅਨੁਮਾਨ (Inferance)** : ਅਨੁਮਾਨ ਅਜਿਹਾ ਪ੍ਰਮਾਣ ਹੈ ਜੋ ਕਿਸੇ ਦੂਜੇ ਪ੍ਰਮਾਣ ਤੇ ਅਧਾਰਤ ਹੁੰਦਾ ਹੈ। ਅਨੁਮਾਨ ਦੋ ਸ਼ਬਦਾਂ ਦੇ ਮੇਲ 'ਅਨੁ' ਅਤੇ 'ਮਾਨ' ਦੇ ਮਿਲਾਪ ਤੋਂ ਬਣਦਾ ਹੈ। 'ਅਨੁ' ਦਾ ਅਰਥ ਗਿਆਨ ਅਤੇ 'ਮਾਨ' ਦਾ ਅਰਥ 'ਬਾਅਦ' ਹੁੰਦਾ ਹੈ। ਇਸ ਵਿਚ ਤਿੰਨ-ਪਦ-ਮੱਧ ਪੱਦ, ਸਾਧਿਆ ਪਦ ਅਤੇ ਛੋਟਾ ਪਦ ਹੁੰਦੇ ਹਨ। ਨਿਆਇ ਅਨੁਸਾਰ ਅਨੁਮਾਨ ਨੂੰ ਇਹਨਾਂ ਆਧਾਰਾਂ:

(ੳ) ਪ੍ਰਯੋਜਨ ਦੇ ਆਧਾਰ (ਅ) ਵਿਆਪਤੀ ਦੇ ਕਿਸਮਾਂ ਦੇ ਆਧਾਰ

(ੲ) ਵਿਆਪਤੀ ਦੀ ਸਥਾਪਨਾ ਦੇ ਆਧਾਰ ਤੇ ਵੰਡਿਆ ਜਾ ਸਕਦਾ ਹੈ। ਨਿਆਂਇ ਦਰਸ਼ਨ ਵਿਚ ਅਧਾਰਨ ਨੂੰ ਪੰਜ ਅਵਯਵਾ ਦੇ ਰੂਪ ਵਿਚ ਇੰਜ ਪੇਸ਼ ਕੀਤਾ ਜਾ ਸਕਦਾ ਹੈ।

1. ਪਰਬਤ ਤੇ ਅੱਗ ਹੈ। (ਪ੍ਰਤੀਗਿਆ)
2. ਕਿਉਂਕਿ ਪਰਬਤ ਤੇ ਧੂੰਆਂ ਹੈ। (ਹੇਤੂ)
3. ਜਿੱਥੇ-ਜਿੱਥੇ ਧੂੰਆਂ ਹੈ ਉੱਥੇ-ਉੱਥੇ ਅੱਗ ਹੈ। ਜਿਵੇਂ ਚੁਲ੍ਹਾ (ਉਦਾਹਰਨ)

4. ਇਸ ਪਰਬਤ ਤੇ ਧੂੰਆਂ ਹੈ। (ਉਪਨਯ)
5. ਇਸ ਲਈ ਇਸ ਪਰਬਤ ਤੇ ਅੱਗ ਹੈ। (ਨਿਗਮਨ)

### 2.1.9 ਅਭਿਆਸ ਲਈ ਪ੍ਰਸ਼ਨ

1) ਨਿਆਂਇ ਅਨੁਸਾਰ ਪਰਤੱਖ ਦਾ ਵਿਸਤਾਰ ਸਹਿਤ ਵਰਣਨ ਕਰੋ।
2) ਅਨੁਮਾਨ ਕੀ ਹੈ? ਅਨੁਮਾਨ ਦੀਆਂ ਵੱਖ-ਵੱਖ ਕਿਸਮਾਂ ਦਾ ਵਰਣਨ ਕਰੋ।
3) ਨਿਆਂਇ ਦਰਸ਼ਨ ਕਿੰਨੇ ਪ੍ਰਮਾਣਾਂ ਵਿੱਚ ਵਿਸ਼ਵਾਸ ਕਰਦਾ ਹੈ? ਵਰਣਨ ਕਰੋ।

### ਛੋਟੇ ਪ੍ਰਸ਼ਨ

1) ਪ੍ਰਮਾ ਦਾ ਕੀ ਅਰਥ ਹੈ?
2) ਨਿਰਵਿਕਲ ਪ੍ਰਤੱਖ ਕੀ ਹੈ?
3) ਲੌਕਿਕ ਪ੍ਰਤੱਖ ਕੀ ਹੈ?
4) ਸਮਾਨਯ ਲਕਸ਼ਨ ਦਾ ਕੀ ਅਰਥ ਹੈ?
5) ਅਨੁਮਾਨ ਦਾ ਕੀ ਅਰਥ ਹੈ?
6) ਵਿਆਪਤੀ ਕੀ ਹੈ?
7) ਉਪਮਾਨ ਦਾ ਕੀ ਅਰਥ ਹੈ?
8) ਸ਼ਬਦ ਪ੍ਰਮਾਣ ਕੀ ਹੈ?
9) ਸ਼ਬਦ ਪ੍ਰਮਾਣ ਦੀਆਂ ਸ਼ਰਤਾਂ ਕੀ ਹਨ?

### 2.1.10 ਤਜਵੀਜ਼ਤ ਪੁਸਤਕਾਂ

C.D. Sharma : A Critical Survey of Indian Philosophy
ਡਾ. : ਸ਼ਾਂਤੀ ਨਾਥ ਗੁਪਤਾ : ਭਾਰਤੀ ਦਰਸ਼ਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ, 1974, ਚੰਡੀਗੜ੍ਹ।
D.M. Dutta and SC Chatterjee : An Introduction to Indian Philosophy

ਪਾਠ ਨੰ: 2.2 ਲੇਖਕ : ਡਾ. ਗੁਰਜੀਤ ਮਾਨ

# ਵੈਸ਼ੇਸ਼ਿਕ ਫ਼ਲਸਫ਼ਾ-ਪਦਾਰਥ

ਬਣਤਰ :

2.2.0 ਉਦੇਸ਼
2.2.1 ਜਾਣ ਪਹਿਚਾਣ
2.2.2 ਪਦਾਰਥ ਦਾ ਅਰਥ
2.2.3 ਦ੍ਰਵ
2.2.4 ਗੁਣ
2.2.5 ਕਰਮ
2.2.6 ਵਿਸ਼ੇਸ਼
2.2.7 ਸਮਾਨਯ
2.2.8 ਸਮਵਾਇ
2.2.9 ਅਭਾਵ
2.2.10ਮਹੱਤਵਪੂਰਨ ਸ਼ਬਦ
2.2.11ਪ੍ਰਸ਼ਨਾਵਲੀ
2.2.12ਤਜਵੀਜ਼ਤ ਪੁਸਤਕਾਂ

## 2.2.0 ਉਦੇਸ਼

ਤੁਸੀਂ ਇਹ ਜਾਣ ਲਵੋਗੇ ਕਿ ਵੈਸ਼ੇਸ਼ਿਕ ਫ਼ਲਸਫ਼ਾ ਭਾਰਤੀ ਫ਼ਲਸਫ਼ੇ ਦੀ ਵੈਦਿਕ ਪ੍ਰਣਾਲੀ ਦਾ ਅੰਗ ਹੈ। ਜਿਸ ਵਿਚ ਮੁੱਖ-ਰੂਪ ਵਿਚ ਤੱਤ-ਵਿਗਿਆਨ ਦੀ ਚਰਚਾ ਹੈ। ਵੈਸ਼ੇਸ਼ਿਕ ਫ਼ਲਸਫ਼ਾ ਸੱਤ ਪਦਾਰਥਾਂ ਦੀ ਗੱਲ ਕਰਦਾ ਹੈ ਜੋ ਹਨ ਦ੍ਰਵ, ਗੁਣ, ਕ੍ਰਮ, ਵਿਸ਼ੇਸ਼, ਸਮਾਨਯ, ਸਮਵਾਯ ਅਤੇ ਅਭਾਵ। ਵੈਸ਼ੇਸ਼ਿਕ ਫ਼ਲਸਫ਼ੇ ਅਨੁਸਾਰ ਦ੍ਰਵ ਉਹ ਹੈ ਜਿਸ ਦੇ ਆਧਾਰ ਤੇ ਗੁਣ ਬਣਦੇ ਹਨ ਅਤੇ ਕ੍ਰਮ ਸੰਭਵ ਹੋ ਸਕਦਾ ਹੈ। ਭਾਵ ਵਸਤੂਆਂ ਦਾ ਪਦਾਰਥਕ ਕਾਰਨ ਹੁੰਦਾ ਹੈ। ਭਾਰਤੀ ਵੈਦਿਕ ਪਰੰਪਰਾ ਦੇ ਅਧੀਨ ਵੈਸ਼ੇਸ਼ਿਕ ਇਕ ਪਦਾਰਥ-ਵਾਦੀ, ਅਨੇਕ ਤੱਤਵਾਦੀ ਅਤੇ ਯਥਾਰਥ-ਵਾਦੀ ਪ੍ਰਣਾਲੀ ਦਾ ਵਿਕਾਸ ਹੈ।

## 2.2.1 ਜਾਣ-ਪਹਿਚਾਣ

ਵੈਸ਼ੇਸ਼ਿਕ ਫ਼ਲਸਫ਼ਾ ਭਾਰਤੀ ਫ਼ਲਸਫ਼ੇ ਦੀ ਵੈਦਿਕ ਪ੍ਰਣਾਲੀ ਦਾ ਅੰਗ ਹੈ। ਇਹ ਵੇਦਾਂ ਨੂੰ ਗਿਆਨ ਦਾ ਅੰਤਮ ਪ੍ਰਮਾਣ ਮੰਨਦਾ ਹੈ। ਇਸ ਫ਼ਲਸਫ਼ੇ ਦਾ ਮੋਢੀ ਕਣਾਦ ਰਿਸ਼ੀ ਨੂੰ ਮੰਨਿਆ ਜਾਂਦਾ ਹੈ।ਵੈਸ਼ੇਸ਼ਿਕ ਪ੍ਰਣਾਲੀ ਦਾ ਮੁੱਖ ਖੇਤਰ ਤੱਤ-ਵਿਗਿਆਨ ਹੈ। ਵੈਸ਼ੇਸ਼ਿਕ ਫ਼ਿਲਾਸਫ਼ੀ ਪ੍ਰਮਾਣ ਦੀ ਥਾਂ ਪਦਾਰਥਾਂ ਤੇ ਜ਼ੋਰ ਦਿੰਦੀ ਹੈ। ਇਸ ਫ਼ਲਸਫ਼ੇ ਦਾ ਮੁੱਖ ਉਦੇਸ਼ ਤੱਤ-ਵਿਗਿਆਨਕ ਸਮੱਸਿਆਵਾਂ ਬਾਰੇ ਚਿੰਤਨ ਕਰਨਾ ਹੈ, ਜਿਨ੍ਹਾਂ ਵਿਚੋਂ ਪ੍ਰਮੁੱਖ ਪਦਾਰਥਾਂ ਦੀ ਗਿਣਤੀ ਤੇ ਸਰੂਪ ਹੈ। ਵੈਸ਼ੇਸ਼ਿਕ ਫ਼ਿਲਾਸਫ਼ੀ ਪਦਾਰਥਾਂ ਰਾਹੀਂ ਹੀ ਦੁਨੀਆਂ ਦੀ ਹਰ ਵਸਤੂ ਅਤੇ ਘਟਨਾ ਦੀ ਵਿਆਖਿਆ ਕਰਦੀ ਹੈ। 'ਵੈਸ਼ੇਸ਼ਿਕ-ਫ਼ਿਲਾਸਫ਼ੀ' ਸ਼ਬਦ ਵਿਸ਼ੇਸ਼ ਤੋਂ ਪੈਦਾ ਹੋਇਆ ਹੈ ਜਿਸ ਦਾ ਅਰਥ ਵਿਸ਼ੇਸ਼ਤਾ ਜਾਂ ਵੱਖਰਤਾ ਹੈ। ਇਸ ਫ਼ਲਸਫ਼ੇ ਅਨੁਸਾਰ ਹਰ ਵਸਤੂ ਜਾਂ ਪਦਾਰਥ ਆਪਣੇ-ਆਪ ਵਿੱਚ ਵਿਸ਼ੇਸ਼ ਹੈ ਅਤੇ ਦੂਸਰਿਆਂ ਤੋਂ ਭਿੰਨ ਜਾਂ ਵੱਖਰਾ ਹੈ। ਇਸ ਕਰਕੇ ਇਸ ਫ਼ਲਸਫ਼ੇ ਨੂੰ ਅਨੇਕ-ਤੱਤਵਾਦੀ ਯਥਾਰਥਵਾਦ ਵੀ ਕਹਿੰਦੇ ਹਨ। ਇਸ ਫ਼ਲਸਫ਼ੇ ਦਾ ਪਹਿਲਾ ਗ੍ਰੰਥ ਕਣਾਦ ਦੁਆਰਾ ਲਿਖਿਆ 'ਵੈਸ਼ੇਸ਼ਿਕ-ਸੂਤਰ' ਮੰਨਿਆ ਜਾਂਦਾ ਹੈ, ਜਿਸ ਦੇ ਦਸ ਭਾਗ ਹਨ।

**2.2.2 ਪਦਾਰਥ ਦਾ ਅਰਥ** : ਵੈਸ਼ੇਸ਼ਿਕ ਫ਼ਲਸਫ਼ਾ ਦੁਨੀਆਂ ਵਿੱਚ ਸੱਤ ਪਦਾਰਥਾਂ ਦੀ ਗੱਲ ਕਰਦਾ ਹੈ। ਦੁਨੀਆਂ ਦੀ ਹਰ ਵਸਤੂ ਅਤੇ ਘਟਨਾ ਦੀ ਵਿਆਖਿਆ ਇਹਨਾਂ ਪਦਾਰਥਾਂ ਨਾਲ ਹੀ ਕਰਦਾ ਹੈ। 'ਵੈਸ਼ੇਸ਼ਿਕ ਸੂਤਰ' ਅਨੁਸਾਰ ਦੁਨੀਆਂ ਵਿੱਚ ਕੇਵਲ ਛੇ ਪਦਾਰਥ ਦ੍ਵ, ਗੁਣ, ਕਰਮ, ਵਿਸ਼ੇਸ਼, ਸਮਾਨਯ ਅਤੇ ਸਮਵਾਇ ਹਨ। ਸੱਤਵਾਂ ਪਦਾਰਥ ਅਭਾਵ ਬਾਅਦ ਵਿਚ ਪ੍ਰਸ਼ਸ਼ਤਪਾਦ ਰਾਹੀਂ ਜੋੜਿਆ ਗਿਆ ਹੈ। ਇਸ ਫ਼ਲਸਫ਼ੇ ਦਾ ਮੁੱਖ ਉਦੇਸ਼ ਇਨ੍ਹਾਂ ਪਦਾਰਥਾਂ ਦੇ ਵਿਚਾਰ ਨਾਲ ਹੀ ਸਬੰਧਤ ਹੈ। ਪਦਾਰਥ ਦਾ ਅਰਥ 'ਅਣੂ ਦਾ ਬਣਿਆ ਪਦਾਰਥ' ਨਹੀਂ ਹੈ ਬਲਕਿ ਸੰਸਾਰ ਦੇ ਮੁੱਖ ਅੰਸ਼ਾਂ ਦੇ ਇਕ ਖਾਸ ਵਰਗ ਨੂੰ ਪਦਾਰਥ ਦਾ ਨਾਂ ਦਿੱਤਾ ਗਿਆ ਹੈ ਅਤੇ ਸਮੁੱਚੇ ਸੰਸਾਰ ਨੂੰ ਛੇ ਜਾਂ ਸੱਤ ਵਰਗਾਂ ਵਿੱਚ ਵੰਡਿਆ ਗਿਆ ਹੈ। ਪਦਾਰਥ ਦਾ ਅਰਥ 'ਉਹ ਵਸਤੂ ਜੋ ਸ਼ਬਦ ਰਾਹੀਂ ਦਰਸਾਈ ਜਾਵੇ' ਸੋ ਗਿਆਨ ਦਾ ਵਿਸ਼ਾ ਬਣਨਯੋਗ ਸਭ ਵਸਤੂਆਂ ਜਾਂ ਜੋ ਵੀ ਕੁਝ ਸੱਚ ਹੈ ਪਦਾਰਥ ਦੇ ਅਧੀਨ ਹੈ। ਵੈਸ਼ੇ ਸ਼ਿਕ ਫ਼ਲਸਫ਼ੇ ਵਿੱਚ ਪਦਾਰਥ ਦਾ ਅਰਥ ਹੈ, ਉਹ ਵਸਤੂ ਜਿਸ ਦਾ ਕੋਈ ਨਾਮ ਹੁੰਦਾ ਹੈ ਜਾਂ ਜਿਸ ਬਾਰੇ ਸੋਚਿਆ ਜਾਂਦਾ ਹੈ। ਵੈਸ਼ੇਸ਼ਿਕ ਫ਼ਲਸਫ਼ੇ ਵਿੱਚ ਪਦਾਰਥ ਨੂੰ ਦੋ ਭਾਗਾਂ, ਭਾਵ ਅਤੇ ਅਭਾਵ, ਵਿੱਚ ਵੰਡਿਆ ਹੈ। ਭਾਵ ਵਿੱਚ ਦ੍ਵ, ਗੁਣ, ਕਰਮ, ਵਿਸ਼ੇਸ਼, ਸਮਾਨਯ ਅਤੇ ਸਮਵਾਯ ਆ ਜਾਂਦੇ ਹਨ। ਇਨ੍ਹਾਂ ਦੀ ਵਿਆਖਿਆ ਇਸ ਤਰ੍ਹਾਂ ਹੈ।

### 2.2.3 ਦ੍ਵ

ਪੱਛਮੀ ਫ਼ਲਸਫ਼ੇ ਅਨੁਸਾਰ ਦ੍ਵ ਉਹ ਹੁੰਦਾ ਹੈ ਜੋ ਆਤਮਾ ਨਿਰਭਰ ਹੋਵੇ, ਆਪਣੇ ਆਪ ਤੋਂ ਪੈਦਾ ਹੋਇਆ ਹੋਵੇ ਅਤੇ ਸਭ ਵਸਤੂਆਂ ਉਸ ਤੇ ਨਿਰਭਰ ਹੋਣ। ਵੈਸ਼ੇਸ਼ਿਕ ਫ਼ਲਸਫ਼ੇ ਅਨੁਸਾਰ ਦ੍ਵ ਉਹ ਹੈ ਜਿਸ ਦੇ ਆਧਾਰ ਤੇ ਗੁਣ ਬਣਦੇ ਹਨ ਅਤੇ ਕਰਮ ਸੰਭਵ ਹੋ ਸਕਦਾ ਹੈ ਜਾਂ ਜਿਸ ਵਿਚ ਗੁਣ ਅਤੇ ਕਰਮ ਰਹਿੰਦੇ ਹਨ ਅਤੇ ਉਹ ਵਸਤੂਆਂ ਦਾ ਪ੍ਰਮੁੱਖ ਪਦਾਰਥਕ ਕਾਰਨ ਹੁੰਦਾ ਹੈ। ਦ੍ਵ ਵਸਤੂਆਂ ਦੇ ਆਤਮ-ਨਿਰਭਰ ਸਰੂਪ, ਨਿਰਪੇਖਤਾ ਅਤੇ ਆਤਮ-ਨਿਰਧਾਰਿਤਾ ਨੂੰ ਪ੍ਰਗਟਾਉਂਦਾ ਹੈ। ਬਿਨ੍ਹਾਂ ਦ੍ਵ ਦੇ ਕੋਈ ਵੀ ਗੁਣ ਜਾਂ ਕਰਮ ਨਹੀਂ ਹੋ ਸਕਦਾ ਹੈ। ਹਰ ਵਸਤੂ ਗੁਣਾਂ ਦਾ ਭੰਡਾਰ ਹੈ ਅਤੇ ਕਰਮ ਨੂੰ ਹਮੇਸ਼ਾਂ ਵਸਤੂ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ। ਦੋਨਾਂ ਹਾਲਤਾਂ ਵਿੱਚ ਵਸਤੂ ਦਾ ਹੋਣਾ ਜ਼ਰੂਰੀ ਹੈ। ਇਸੇ ਵਸਤੂ ਦੇ ਆਧਾਰ ਨੂੰ ਵੈਸ਼ੇਸ਼ਿਕ ਫ਼ਲਸਫ਼ਾ ਦ੍ਵ ਕਹਿੰਦਾ ਹੈ। ਦ੍ਵ, ਗੁਣ ਅਤੇ ਕਰਮ ਸੰਭਾਵਿਤ, ਵਰਤਮਾਨ ਅਤੇ ਭਵਿੱਖ ਦਾ ਆਧਾਰ ਹੈ। ਇਸ ਤਰ੍ਹਾਂ ਦ੍ਵ ਵੀ ਗੁਣ ਅਤੇ ਕਰਮ ਤੇ ਆਧਾਰਿਤ ਹੈ। ਵੈਸ਼ੇਸ਼ਿਕ ਫ਼ਲਸਫ਼ੇ ਅਨੁਸਾਰ ਕੁੱਲ ਨੌ ਦ੍ਵ ਹਨ। ਇਨ੍ਹਾਂ ਨੌ ਦ੍ਵਾਂ ਵਿੱਚ ਪ੍ਰਿਥਵੀ, ਜਲ, ਅੱਗ, ਹਵਾ, ਅਕਾਸ਼, ਸਮਾਂ, ਸਥਾਨ, ਆਤਮਾ ਅਤੇ ਮਨ ਆ ਜਾਂਦੇ ਹਨ। ਪਹਿਲੇ ਪੰਜ ਦ੍ਵ ਨੂੰ ਪੰਜ ਮਹਾਂਭੂਤ ਕਿਹਾ ਜਾਂਦਾ ਹੈ ਇਨ੍ਹਾਂ ਪੰਜਾਂ ਤੋਂ ਬਿਨਾਂ ਕੋਈ ਵੀ ਪਦਾਰਥ ਨਹੀਂ ਬਣ ਸਕਦਾ। ਕਣਾਦ ਪ੍ਰਿਥਵੀ, ਅੱਗ, ਜਲ ਅਤੇ ਹਵਾ ਨੂੰ ਅਣੂ-ਰੂਪੀ ਮੰਨਦਾ ਹੈ ਅਤੇ ਅਕਾਸ਼ ਨੂੰ ਅਣੂਆਂ ਤੋਂ ਬਣਿਆ ਨਹੀਂ ਮੰਨਦਾ ਹੈ, ਪ੍ਰਿਥਵੀ ਦਾ ਗੁਣ ਸੁਗੰਧ, ਪਾਣੀ ਦਾ ਗੁਣ ਸੁਆਦ ਜਾਂ ਰਸ, ਅੱਗ ਦਾ ਗੁਣ ਰੂਪ ਜਾਂ ਸਪਰਸ਼ ਅਤੇ ਹਵਾ ਦਾ ਗੁਣ ਅਵਾਜ ਹੈ। ਇਹ ਗੁਣ ਵਿਸ਼ੇਸ਼ ਸੰਵੇਦਨਾਵਾਂ ਰਾਹੀਂ ਪ੍ਰਾਪਤ ਕੀਤੇ ਜਾਂਦੇ ਹਨ।

ਵੈਸ਼ੇਸ਼ਿਕ ਫ਼ਲਸਫ਼ੇ ਅਨੁਸਾਰ ਸਮਾਂ ਅਤੇ ਸਥਾਨ ਵੀ ਦ੍ਵ ਹਨ। ਇਹ ਦੋਨੌਂ ਵਸਤੂਆਂ, ਵਸਤੂਆਂ ਦੇ ਗੁਣ ਅਤੇ ਉਹਨਾਂ ਵਿਚਲੇ ਕਰਮਾਂ ਦੇ ਆਧਾਰ ਹਨ। ਸਮੇਂ ਅਤੇ ਸਥਾਨ ਤੋਂ ਬਿਨਾਂ ਕੋਈ ਵੀ ਵਸਤੂ ਜਾਂ ਘਟਨਾ ਸੰਭਵ ਨਹੀਂ ਹੈ। ਸੰਸਾਰ ਵਿੱਚ ਅਨੇਕਾਂ ਆਤਮਾ ਹਨ ਜਿਹੜੀਆਂ ਕਿ ਇਕ ਦੂਜੇ ਤੋਂ ਭਿੰਨ, ਆਤਮ-ਨਿਰਭਰ, ਅਮਰ ਤੇ ਹਰ ਸਥਾਨ ਤੇ ਮੌਜੂਦ ਹੈ। ਇਹ ਚੇਤਨਾ ਦਾ ਆਧਾਰ ਹੈ। ਚੇਤਨਾ ਆਤਮਾ ਦਾ ਵਿਛੜਣ ਵਾਲਾ ਗੁਣ ਹੈ। ਵੈਸ਼ੇਸ਼ਿਕ ਅਨੁਸਾਰ ਆਤਮਾ ਜੀਵ-ਆਤਮਾ ਅਤੇ ਪਰਮ-ਆਤਮਾ ਦੋ ਪ੍ਰਕਾਰ ਦੀ ਹੁੰਦੀ ਹੈ। ਪਰਮ-ਆਤਮਾ ਕੇਵਲ ਇਕ ਹੈ ਜਦੋਂ ਕਿ ਜੀਵ-ਆਤਮਾਵਾਂ ਅਨੇਕਾਂ ਹਨ। ਆਤਮਾ ਦੀ ਤਰ੍ਹਾਂ ਮਨ ਨੂੰ ਵੀ ਇਕ ਦ੍ਵ ਮੰਨਿਆ ਗਿਆ ਹੈ। ਮਨ ਜਾਂ ਮਨਸ ਇਕ ਅੰਦਰੂਨੀ ਇੰਦਰੀ ਹੈ, ਜੋ ਆਤਮਾ ਦੇ ਗੁਣਾ ਦਾ ਪ੍ਰਤਖਣ ਕਰਦਾ ਹੈ।

### 2.2.4 ਗੁਣ

ਗੁਣ ਵੈਸ਼ੇਸ਼ਿਕ ਫ਼ਲਸਫ਼ੇ ਦਾ ਦੂਸਰਾ ਪਦਾਰਥ ਹੈ। ਗੁਣ ਉਹ ਹੈ ਜੋ ਹਮੇਸ਼ਾ ਦ੍ਵ ਵਿੱਚ ਰਹਿੰਦਾ ਹੈ ਅਤੇ ਆਪਣੇ ਆਪ ਵਿੱਚ ਹੋਰ ਕੋਈ ਗੁਣ ਜਾਂ ਕਰਮ ਨਹੀਂ ਰੱਖਦਾ। ਅਸੀਂ ਇਹ ਕਹਿ ਸਕਦੇ ਹਾਂ ਕਿ ਗੁਣ

ਇਕ ਵਰਗ ਹੈ ਜੋ ਆਪਣੇ ਆਪ ਵਿੱਚ ਕੁਝ ਨਹੀਂ। ਜੋ ਹਮੇਸ਼ਾ ਆਪਣੀ ਹੋਂਦ ਲਈ ਵਸਤੂਆਂ ਤੇ ਨਿਰਭਰ ਹੈ। ਗੁਣ ਵਸਤੂਆਂ ਨੂੰ ਬਣਾਉਂਦੇ ਨਹੀਂ ਸਗੋਂ ਬਣੀਆਂ ਹੋਈਆਂ ਵਸਤੂਆਂ ਦੀ ਵਿਸ਼ੇਸ਼ਤਾ ਪ੍ਰਗਟ ਕਰਦੇ ਹਨ। ਵੈਸ਼ੇਸ਼ਿਕਾ ਫ਼ਲਸਫ਼ੇ ਅਨੁਸਾਰ ਗੁਣ ਦੀ ਹੋਂਦ ਦ੍ਰਵ ਤੇ ਨਿਰਭਰ ਹੈ ਪ੍ਰੰਤੂ ਫਿਰ ਵੀ ਇਸ ਨੂੰ ਆਤਮ ਨਿਰਭਰ ਵਰਗ ਦਾ ਨਾਮ ਦਿੱਤਾ ਗਿਆ ਹੈ ਕਿਉਂਕਿ ਇਸ ਫ਼ਲਸਫ਼ੇ ਦਾ ਵਿਸ਼ਵਾਸ ਹੈ ਕਿ ਗੁਣ ਬਾਰੇ ਸੋਚਿਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਵੱਖਰਾ ਨਾਮ ਦਿੱਤਾ ਜਾ ਸਕਦਾ ਹੈ। ਗੁਣ ਵਸਤੂਆਂ ਤੇ ਨਿਰਭਰ ਹਨ ਇਸ ਲਈ ਵੈਸ਼ੇਸ਼ਿਕ ਫ਼ਲਸਫ਼ਾ ਗੁਣਾਂ ਨੂੰ ਵਸਤੂਗਤ ਸੱਤਾਵਾਂ ਮੰਨਦਾ ਹੈ। ਕਣਾਦ ਗੁਣਾਂ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦਾ ਹੈ ਕਿ, ''ਗੁਣ ਉਹ ਹਨ ਜੋ ਦ੍ਰਵ ਵਿੱਚ ਰਹਿੰਦੇ ਹਨ, ਜਿਨ੍ਹਾਂ ਵਿੱਚ ਆਪਣੀ ਕੋਈ ਵਿਸ਼ੇਸ਼ਤਾ ਅਤੇ ਕਰਮ ਨਹੀਂ ਹੁੰਦੇ, ਜੋ ਕਿਸੇ ਵਸਤੂ ਦਾ ਨਿਰਮਾਣ ਨਹੀਂ ਕਰਦੇ ਅਤੇ ਜੋ ਕਰਮ ਵਾਂਗ ਵਸਤੂਆਂ ਦੇ ਸੰਯੋਗ ਅਤੇ ਵਿਛੜਣ ਦਾ ਕਾਰਣ ਨਹੀਂ ਹੁੰਦੇ।

ਵੈਸ਼ੇਸ਼ਿਕ ਫ਼ਲਸਫ਼ੇ ਵਿੱਚ ਕੁਲ 24 ਗੁਣਾਂ ਦਾ ਜ਼ਿਕਰ ਹੈ। ਜਿਨ੍ਹਾਂ ਵਿੱਚੋਂ ਪਹਿਲੇ 17 ਕਣਾਦ ਨੇ ਅਤੇ ਆਖਰੀ 7 ਪ੍ਰਸ਼ਸ਼ਤਪਾਦ ਰਾਹੀਂ ਜੋੜੇ ਗਏ ਹਨ। ਇਹ ਗੁਣ ਰੂਪ, ਰਸ, ਗੰਧ, ਸਪਰਸ਼, ਸ਼ਬਦ, ਸੰਖਿਆ, ਪਰਿਮਾਣ, ਅੰਤਰ, ਸੰਯੋਗ, ਵਿਯੋਗ, ਦੂਰੀ, ਨੇੜਤਾ, ਬੁੱਧੀ, ਸੁੱਖ, ਦੁੱਖ, ਇੱਛਾ, ਵਿਰੋਧ, ਯਤਨ, ਭਾਰਾਪਣ, ਦ੍ਰਵਤਾ, ਸਨੇਹ, ਸੰਸਕਾਰ, ਧਰਮ ਅਤੇ ਅਧਰਮ ਹਨ। ਇਨ੍ਹਾਂ 24 ਗੁਣਾਂ ਨੂੰ ਵੈਸ਼ੇਸ਼ਿਕ ਫ਼ਲਸਫ਼ਾ ਇਕ ਖਾਸ ਵਰਗ ਜਾਂ ਪਦਾਰਥ ਮੰਨਦਾ ਹੈ।

### 2.2.5 ਕਰਮ

ਕਰਮ ਦ੍ਰਵ ਦੀ ਇਕ ਗਤੀਸ਼ੀਲ ਅਤੇ ਬਦਲਣਯੋਗ ਵਿਸ਼ੇਸ਼ਤਾ ਹੈ। ਦ੍ਰਵ ਦੇ ਗੁਣ ਅਤੇ ਕਰਮ ਵਿੱਚ ਇੱਕੋ ਹੀ ਅੰਤਰ ਹੈ ਕਿ ਗੁਣ ਵਸਤੂਆਂ ਦੇ ਦੂਸਰੀਆਂ ਵਸਤੂਆਂ ਨਾਲ ਸੰਯੋਗ ਤੇ ਵਿਯੋਗ ਵਿਚ ਕੋਈ ਯੋਗਦਾਨ ਨਹੀਂ ਪਾਉਂਦੇ ਜਦੋਂ ਕਿ ਕਰਮ ਕਾਰਣ ਹੀ ਕੋਈ ਵਸਤੂ ਇਕ ਦੂਜੀ ਨਾਲ ਮਿਲ ਜਾਂ ਉਸ ਤੋਂ ਵਿਛੜ ਸਕਦੀ ਹੈ। ਕਰਮ ਦਾ ਅਰਥ ਸਰੀਰਕ ਗਤੀ ਹੈ। ਕਿਸੇ ਵੀ ਪਦਾਰਥਕ ਵਸਤੂ ਵਿੱਚ ਹਰ ਪ੍ਰਕਾਰ ਦੀ ਗਤੀ ਨੂੰ ਕਰਮ ਕਹਿੰਦੇ ਹਨ। ਪਦਾਰਥ ਭਾਵੇਂ ਗਤੀਹੀਨ ਜਾਂ ਗਤੀਸ਼ੀਲ ਹੋਵੇ ਉਸ ਵਿੱਚ ਵਿਕਾਸ ਜ਼ਰੂਰੀ ਹੁੰਦਾ ਹੈ ਅਤੇ ਇਹ ਵਿਕਾਸ ਆਪਣੇ ਆਪ ਵਿੱਚ ਕਰਮ ਹੈ। ਜੀਵਨ ਕਰਮ ਤੋਂ ਬਿਨਾਂ ਅਸੰਭਵ ਹੈ। ਜੀਵ ਪਦਾਰਥ ਜਿਵੇਂ ਪੌਦੇ, ਜੀਵ ਜੰਤੂ, ਪਸ਼ੂ ਅਤੇ ਮਨੁੱਖ ਹਮੇਸ਼ਾਂ ਹੀ ਕਰਮ ਕਰਦੇ ਹਨ।ਬਿਨਾਂ ਕਰਮ ਤੋਂ ਕੋਈ ਵੀ ਦ੍ਰਵ ਸੰਭਵ ਨਹੀਂ ਹੈ। ਵੈਸ਼ੇਸ਼ਿਕ ਅਨੁਸਾਰ ਸਾਰੇ ਦ੍ਰਵਾਂ ਵਿਚ ਕਰਮਾਂ ਦਾ ਹੋਣਾ ਜ਼ਰੂਰੀ ਨਹੀਂ ਕਿਉਂਕਿ ਕਰਮ ਤੋਂ ਅਕਾਸ਼ ਸਥਾਨ, ਸਮਾਂ ਅਤੇ ਆਤਮਾਵਾਂ ਅਜ਼ਾਦ ਹਨ ਜਦੋਂ ਕਿ ਪ੍ਰਿਥਵੀ, ਹਵਾ, ਅੱਗ, ਪਾਣੀ ਅਤੇ ਮਨ ਕਰਮ ਦੇ ਅਧੀਨ ਹਨ। ਵੈਸ਼ੇਸ਼ਿਕ ਪੰਜ ਪ੍ਰਕਾਰ ਦੇ ਕਰਮ ਉਪਰ ਵੱਲ ਉਠਣਾ, ਹੇਠਾਂ ਵੱਲ ਡਿੱਗਣਾ, ਸੁੰਗੜਨਾ, ਫੈਲਣਾ ਅਤੇ ਗਤੀਸ਼ੀਲਤਾ ਦੱਸਦਾ ਹੈ।

### 2.2.6 ਵਿਸ਼ੇਸ਼

ਵੈਸ਼ੇਸ਼ਿਕਾ ਅਨੁਸਾਰ ਅਗਲਾ ਪਦਾਰਥ ਵਿਸ਼ੇਸ਼ ਹੈ। ਵਿਸ਼ੇਸ਼ ਦਾ ਅਰਥ ਇਕ ਵਸਤੂ ਦੀ ਦੂਸਰਿਆਂ ਤੋਂ ਵੱਖਰੀ ਜਾਂ ਅਲੱਗ ਪਹਿਚਾਣ ਬਨਾਣਾ ਹੈ। ਵਿਸ਼ੇਸ਼ ਤੋਂ ਭਾਵ ਹੈ ਇਕੋ ਵਰਗ ਦੇ ਸਾਰੇ ਮੈਂਬਰਾਂ ਵਿਚੋਂ ਹਰ ਇਕ ਨੂੰ ਵੱਖ-ਵੱਖ ਰੱਖਣਾ ਵੈਸ਼ੇਸ਼ਿਕਾ ਫ਼ਲਸਫ਼ੇ ਅਨੁਸਾਰ ਵਸਤੂ ਦੀ ਆਪਣੀ ਵਿਸ਼ੇਸ਼ਤਾ ਇਕ ਪਰਮ ਸੱਚਾਈ ਹੈ। ਹਰ ਵਸਤੂ ਜਾਂ ਮਨੁੱਖ ਵਿਸ਼ੇਸ਼ ਅਤੇ ਦੂਸਰਿਆਂ ਤੋਂ ਵੱਖਰਾ ਹੈ। ਹਰ ਵਸਤੂ ਵਿੱਚ ਕੁਝ ਖਾਸ ਗੁਣ ਹੁੰਦੇ ਹਨ ਜੋ ਉਸਨੂੰ ਦੂਸਰਿਆਂ ਤੋਂ ਵੱਖਰਾ ਕਰਦੇ ਹਨ। ਸਰਵ-ਵਿਆਪਕਤਾ ਸੰਗਠਨ ਦਾ ਅਧਾਰ ਹੈ ਜਦੋਂ ਕਿ ਵਿਸ਼ੇਸ਼ ਅੰਤਰ ਦਾ ਅਧਾਰ ਹੈ। ਇਸ ਕਰਕੇ ਹੀ ਸਰਵ-ਵਿਆਪਕਤਾ ਵਸਤੂਆਂ ਨੂੰ ਜੋੜਦੀ ਹੈ ਜਦੋਂਕਿ ਵਿਸ਼ੇਸ਼ ਵਸਤੂਆਂ ਨੂੰ ਦੂਸਰੀਆਂ ਵਸਤੂਆਂ ਤੋਂ ਵੱਖ-ਵੱਖ ਸਮਝਣ ਵਿੱਚ ਸਹਾਈ ਹੁੰਦਾ ਹੈ। ਅਸੀਂ ਇਥੇ ਵਧੇਰੇ ਸਪੱਸ਼ਟ ਕਰ ਸਕਦੇ ਹਾਂ ਕਿ ਸਭ ਪ੍ਰਕਾਰ ਦੀ ਸਰਵ-ਵਿਆਪਕਤਾ ਕਈ ਪ੍ਰਕਾਰ ਦੇ ਵਿਸ਼ੇਸ਼ ਤੋਂ ਮਿਲਕੇ ਬਣਦੀ ਹੈ। ਇਸ ਫ਼ਲਸਫ਼ੇ ਅਨੁਸਾਰ ਹਰ ਅਣੂ ਵਿਸ਼ੇਸ਼ ਹੈ ਅਤੇ ਉਨ੍ਹਾਂ ਵਿੱਚ ਗੁਣਾਤਮਕ ਅਤੇ ਮਾਤਰਾਤਮਕ ਦੋਨੋਂ ਪ੍ਰਕਾਰ ਦੇ ਗੁਣ ਹੁੰਦੇ ਹਨ। ਇਕ ਅਣੂ ਦੂਸਰੇ ਅਣੂ ਤੋਂ ਕੇਵਲ ਗਿਣਤੀ ਕਾਰਣ ਹੀ ਵੱਖ ਨਹੀਂ ਬਲਕਿ ਗੁਣਾਂ ਦੇ ਆਧਾਰ ਤੇ ਵੀ ਵੱਖ ਹੁੰਦਾ ਹੈ,

ਵੈਸ਼ੇਸ਼ਿਕ ਅਨੁਸਾਰ ਅਣੂ, ਆਤਮਾਵਾਂ, ਸਮਾਂ, ਸਥਾਨ ਅਤੇ ਮਨ ਵਿਚ ਸਾਰੇ ਆਪਣੀ ਆਪਣੀ ਵੱਖਰੀ ਵਿਸ਼ੇਸ਼ਤਾ ਰੱਖਦੇ ਹਨ।

**2.2.7 ਸਮਾਨਯ**

ਵਿਸ਼ੇਸ਼ ਤੋਂ ਉਲਟ ਵਰਗ ਨੂੰ ਸਮਾਨਯ ਜਾਂ ਸਰਵ-ਵਿਆਪਕਤਾ ਕਹਿੰਦੇ ਹਨ। ਵਿਸ਼ੇਸ਼ਕ ਇਕ ਅਨੇਕਤੱਤਵਾਦੀ ਵਿਚਾਰਧਾਰਾ ਹੈ ਪ੍ਰੰਤੂ ਉਹ ਫਿਰ ਵੀ ਸਮਾਨਯ ਨੂੰ ਇਕ ਵਰਗ ਮੰਨਦਾ ਹੈ। ਸਮਾਨਯ ਕਈ ਵਸਤੂਆਂ ਦੇ ਇਕੋ ਜਿਹੇ ਸਰੂਪ ਦਾ ਸਰਵ ਵਿਆਪਕ ਵਿਚਾਰ ਹੈ। ਸਮਾਨਵੀ ਗੁਣ ਉਹ ਹੈ ਜਿਸ ਦੁਆਰਾ ਬੁੱਧੀ ਇਕ ਵਰਗ ਦੀਆਂ ਅਨੇਕ ਵਸਤੂਆਂ ਨੂੰ ਇਕੋ ਸਮਝਦੀ ਹੈ। ਜਿਵੇਂ ਕਿ ਮਨੁੱਖ ਅਨੇਕ ਹਨ ਪ੍ਰੰਤੂ ਮਨੁੱਖਤਾ ਇਕ ਹੈ। ਦ੍ਰਵ, ਗੁਣ ਅਤੇ ਕਰਮ ਵਿੱਚ ਸਮਾਨਵੀ ਗੁਣ ਕਹਿੰਦਾ ਹੈ। ਇਕ ਸਮਾਨਵੀ ਗੁਣ ਦੂਜੇ ਸਮਾਨਵੀ ਗੁਣ ਵਿੱਚ ਨਹੀਂ ਹੋ ਸਕਦਾ। ਇਕ ਵਰਗ ਦਾ ਇਕ ਸਮਾਨਵੀ ਗੁਣ ਹੁੰਦਾ ਹੈ। ਵੈਸ਼ੇਸ਼ਿਕ ਵਿਆਪਕਤਾ ਦੇ ਅਧਾਰ ਤੇ ਸਮਾਨਯ ਨੂੰ ਦੋ ਉਪ ਵਰਗਾਂ-ਉਚਤਮ ਅਤੇ ਨਿਮਨਤਮ ਸਮਾਨਯ ਵਿੱਚ ਵੰਡਦੇ ਹਨ। ਉਚਤਮ ਸਮਾਨਯ ਤੋਂ ਭਾਵ ਸਭ ਤੋਂ ਵੱਡੇ ਵਰਗ ਦਾ ਸਮਾਨਯ ਹੈ। ਇਹ ਵਸਤੂਆਂ ਦੀ ਸੱਤਾ ਦਾ ਸਾਂਝਾ ਵਿਚਾਰ ਹੈ। ਇਸ ਵਿੱਚ ਸਾਰੀਆਂ ਕਿਸਮਾਂ ਦੀਆਂ ਵਸਤੂਆਂ ਸ਼ਾਮਲ ਹਨ ਭਾਵ ਕਿ ਇਹ ਸਭ ਤੋਂ ਵੱਡਾ ਵਰਗ ਹੈ। ਨਿਮਨਤਮ ਜਾਂ ਹੇਠਲੇ ਸਮਾਨਯ ਮਿਲਕੇ ਹੀ ਵੱਡਾ ਜਾਂ ਉਚਤਮ ਸਮਾਨਯ ਬਣਦਾ ਹੈ। ਹਰ ਸਮਾਨਯ ਆਪਣੇ ਆਪ ਵਿੱਚ ਸੰਪੂਰਣ ਹੈ, ਇਕ ਹੈ ਅਤੇ ਆਤਮ ਨਿਰਭਰ ਹੈ।

**2.2.2.2 ਸਮਵਾਇ**

ਵੈਸ਼ੇਸ਼ਿਕ ਅਨੁਸਾਰ ਸਮਵਾਇ ਵੀ ਇਕ ਸੱਚਾਈ ਹੈ। ਸਮਵਾਇ ਇਕ ਪ੍ਰਕਾਰ ਦਾ ਸੰਬੰਧ ਹੈ ਜਿਹੜਾ ਇਕ ਵਸਤੂ ਜਾਂ ਪਦਾਰਥ ਦਾ ਆਪਣੇ ਸਮਰਥਕ ਕਾਰਣ ਨਾਲ ਹੁੰਦਾ ਹੈ। ਕਣਾਦ ਸਮਵਾਇ ਨੂੰ ਪਦਾਰਥਕ ਕਾਰਣ ਅਤੇ ਪਰਿਣਾਮ ਦਾ ਸੰਬੰਧ ਕਹਿੰਦਾ ਹੈ। ਸਮਵਾਇ ਇਕ ਤਰ੍ਹਾਂ ਦੀ ਅੰਤਰ ਨਿਹਿਤਤਾ ਹੈ, ਜਿਸ ਤੋਂ ਅਸੀਂ ਇਹ ਸਮਝਦੇ ਹਾਂ ਕਿ ਇਹ ਉਸ ਵਿਚ ਹੈ। ਸਮਵਾਇ ਕੇਵਲ ਉਨ੍ਹਾਂ ਵਸਤੂਆਂ ਨੂੰ ਜੋੜਦਾ ਹੈ ਜਿਹੜੀਆਂ ਵੱਖ ਨਹੀਂ ਰਹਿ ਸਕਦੀਆਂ। ਗੁਣ ਅਤੇ ਦ੍ਰਵ, ਵਿਆਪਕ ਅਤੇ ਵਿਅਕਤੀ, ਵਿਸ਼ੇਸ਼ ਅਤੇ ਨਿੱਤ ਦ੍ਰਵ ਦਾ ਆਪਸੀ ਸੰਬੰਧ ਹੈ। ਪਦਾਰਥਕ ਕਾਰਣ ਅਤੇ ਉਸਦੇ ਕਾਰਜ ਦਾ ਸਬੰਧ ਸਮਵਾਇ ਉਤੇ ਅਧਾਰਿਤ ਹੈ। ਇਸ ਲਈ ਇਹ ਨਿੱਤ ਹੁੰਦਾ ਹੈ। ਜੇਕਰ ਸਮਵਾਇ ਸਬੰਧ ਦੀ ਸੰਯੋਗ ਨਾਲ ਤੁਲਨਾ ਕੀਤੀ ਜਾਵੇ, ਤਾਂ ਸਮਵਾਇ ਨਿੱਤ ਹੈ, ਸੰਯੋਗ ਅਨਿੱਤ ਹੈ।

**2.2.9 ਅਭਾਵ**

ਵੈਸ਼ੇਸ਼ਿਕ ਫ਼ਲਸਫ਼ੇ ਵਿੱਚ ਕਣਾਦ ਨੇ ਅਭਾਵ ਨੂੰ ਪ੍ਰਮਾਣ ਜਾਂ ਗਿਆਨ ਦਾ ਵਿਸ਼ਾ ਤਾਂ ਮੰਨਿਆ ਹੈ ਪ੍ਰੰਤੂ ਇਸ ਨੂੰ ਸੁਤੰਤਰ ਪਦਾਰਥ ਨਹੀਂ ਮੰਨਿਆ। ਪ੍ਰਸ਼ਸ਼ਤਾਪਦ ਨੇ ਅਭਾਵ ਨੂੰ ਸੁਤੰਤਰ ਪਦਾਰਥ ਮੰਨਿਆ ਹੈ। ਪ੍ਰਭਾਕਰ ਅਭਾਵ ਨੂੰ ਪਦਾਰਥ ਨਹੀਂ ਮੰਨਦਾ। ਅਦਵੈਤ ਵੇਦਾਂਤੀ ਅਭਾਵ ਪਦਾਰਥ ਦੀ ਨਿਖੇਧੀ ਕਰਦੇ ਹਨ। ਅਭਾਵ ਦਾ ਅਰਥ ਕਿਸੇ ਗੈਰ ਮੌਜੂਦਗੀ ਦਾ ਅਹਿਸਾਸ ਹੈ। ਵੈਸ਼ੇਸ਼ਿਕ ਫ਼ਲਸਫ਼ੇ ਅਨੁਸਾਰ ਅਭਾਵ ਜਾਂ ਗ਼ੈਰ ਮੌਜੂਦਗੀ ਦਾ ਅਹਿਸਾਸ ਚਾਰ ਪ੍ਰਕਾਰ ਦਾ ਹੋ ਸਕਦਾ ਹੈ।

2.2.9.1 **ਪ੍ਰਾਗ-ਅਭਾਵ** ਤੋਂ ਭਾਵ ਹੈ ਕਿਸੇ ਵਸਤੂ ਦੀ ਉਤਪਤੀ ਤੋਂ ਪਹਿਲਾਂ ਵਸਤੂ ਦਾ ਅਭਾਵ ਹੈ।

2.2.9.2 **ਪ੍ਰਧਵੰਸ-ਅਭਾਵ** ਦਾ ਅਰਥ ਹੈ ਕਿਸੇ ਵਸਤੂ ਦੇ ਨਸ਼ਟ ਹੋਣ ਤੋਂ ਬਾਅਦ ਉਸ ਦੀ ਗੈਰ-ਮੌਜੂਦਗੀ ਦਾ ਅਹਿਸਾਸ ਹੈ ਜਿਵੇਂ ਘੜੇ ਦੇ ਟੁੱਟ ਜਾਣ ਨਾਲ ਉਸ ਦਾ ਅਭਾਵ ਹੋ ਜਾਂਦਾ ਹੈ।

2.2.9.3 **ਅਨਿਉਨ-ਅਭਾਵ** ਦਾ ਅਰਥ ਹੈ ਕਿਸੇ ਦੇ ਵਿਰੋਧੀ ਵਸਤੂਆਂ ਵਿੱਚ ਉਸ ਦਾ ਅਭਾਵ ਹੋਵੇ । ਜਿਵੇਂ ਕਿ ਘੜਾ ਕਿਤਾਬ ਨਹੀਂ ਹੈ। ਇਕ ਵਿੱਚ ਦੂਜੇ ਦਾ ਅਭਾਵ ਹੈ।

2.2.9.4 **ਅਤਿਅੰਤ-ਅਭਾਵ** ਦਾ ਅਰਥ ਹੈ ਨਿਰਪੇਖ ਅਭਾਵ ਭਾਵ ਨਾ ਵਸਤੂ ਪੈਦਾ ਹੋਈ ਸੀ, ਨਾ ਹੀ ਪੈਦਾ ਹੋਵੇਗੀ ਅਤੇ ਨਾ ਹੀ ਉਸ ਦਾ ਕੋਈ ਵਿਰੋਧੀ ਸੀ।

ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਵੈਸ਼ੇਸ਼ਿਕ-ਫ਼ਲਸਫ਼ਾ ਨੇ ਤੱਤ-ਵਿਗਿਆਨ ਦੇ ਖੇਤਰ ਵਿੱਚ

ਸਹਿਜ ਯਥਾਰਥਵਾਦ ਦੀਆਂ ਸੀਮਾਵਾਂ ਅੰਦਰ ਰਹਿ ਕੇ ਸੰਪੂਰਣ ਪਦਾਰਥਾਂ ਦਾ ਪੂਰਨ ਗਿਆਨ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਹੜਾ ਸਧਾਰਣ ਵਿਅਕਤੀ ਤੇ ਦਾਰਸ਼ਨਿਕ ਲਈ ਇਕੋ ਜਿਹਾ ਲਾਭਕਾਰੀ ਹੈ। ਵੈਸ਼ੇਸ਼ਿਕ ਭਾਰਤੀ ਵੈਦਿਕ ਪ੍ਰੰਪਰਾ ਦੇ ਅਧੀਨ ਇਕ ਪਦਾਰਥਵਾਦੀ, ਅਨੇਕਤੱਤਵਾਦੀ ਅਤੇ ਯਥਾਰਥਵਾਦੀ ਪ੍ਰਣਾਲੀ ਦਾ ਵਿਕਾਸ ਹੈ ਜਿਸਨੇ ਪ੍ਰਮਾਣੂਵਾਦ, ਭੌਤਿਕਵਾਦ, ਅਨੇਕਤਾਵਾਦ ਅਤੇ ਈਸ਼ਵਰਵਾਦ ਨੂੰ ਇਕੋ ਥਾਂ ਰੱਖਣ ਦਾ ਯਤਨ ਕੀਤਾ ਹੈ।

## 2.2.10 ਮਹੱਤਵਪੂਰਨ ਸ਼ਬਦ

### ਦ੍ਰਵ (Subtance)

ਪੱਛਮੀ ਫ਼ਲਸਫ਼ੇ ਦੁਆਰਾ ਦ੍ਰਵ ਉਹ ਹੁੰਦਾ ਹੈ ਜੋ ਆਤਮ ਨਿਰਭਰ ਹੋਵੇ ਅਤੇ ਸਾਰੀਆਂ ਵਸਤੂਆਂ ਉਸ ਉਪਰ ਨਿਰਭਰ ਹੋਣ ਪ੍ਰੰਤੂ ਵੈਸ਼ੇਸ਼ਿਕ ਫ਼ਲਸਫ਼ੇ ਅਨੁਸਾਰ ਦ੍ਰਵ ਉਹ ਹੈ। ਜਿਸ ਦੇ ਅਧਾਰ ਤੇ ਗੁਣ ਬਣਦੇ ਹਨ ਅਤੇ ਕ੍ਰਮ ਸੰਭਵ ਹੋ ਸਕਦਾ ਹੈ। ਇਹ ਵਸਤੂਆਂ ਦਾ ਪ੍ਰਮੁੱਖ ਪਦਾਰਥਕ ਕਾਰਨ ਹੁੰਦਾ ਹੈ। ਬਿਨ੍ਹਾਂ ਦ੍ਰਵ ਦੇ ਕੋਈ ਵੀ ਗੁਣ ਜਾਂ ਕ੍ਰਮ ਨਹੀਂ ਹੋ ਸਕਦਾ। ਇਹਨਾਂ ਦੀ ਗਿਣਤੀ ਨੌਂ ਹੈ। ਜਿਵੇਂ, ਪ੍ਰਿਥਵੀ, ਜਲ, ਅੱਗ, ਹਵਾ, ਆਕਾਸ਼, ਸਮਾਂ, ਸਥਾਨ ਆਤਮਾ ਅਤੇ ਮਨ।

### ਗੁਣ (Quality)

ਵੈਸ਼ੇਸ਼ਿਕ ਫ਼ਲਸਫ਼ੇ ਅਨੁਸਾਰ ਗੁਣ ਉਹ ਹੈ ਜੋ ਹਮੇਸ਼ਾ ਦ੍ਰਵ ਵਿਚ ਰਹਿੰਦਾ ਹੈ। ਜੋ ਸਦਾ ਆਪਣੀ ਹੋਂਦ ਲਈ ਵਸਤੂਆਂ ਤੇ ਨਿਰਭਰ ਹੈ। ਵੈਸ਼ੇਸ਼ਿਕ ਫ਼ਲਸਫ਼ਾ ਗੁਣਾਂ ਨੂੰ ਵਸਤੂਗੱਤ ਸੱਤਾਵਾਂ ਮੰਨਦਾ ਹੈ। ਵੈਸ਼ੇਸ਼ਿਕ ਫ਼ਲਸਫ਼ੇ ਵਿਚ ਕੁਲ 24 ਗੁਣਾਂ ਦਾ ਜ਼ਿਕਰ ਹੈ। ਜਿਨ੍ਹਾਂ ਵਿਚੋਂ ਪਹਿਲੇ 17 ਕਣਾਦ ਨੇ ਅਤੇ ਸੱਤ ਪ੍ਰਸ਼ਸ਼ਤਾਪਾਦ ਰਾਂਹੀ ਜੋੜੇ ਗਏ ਹਨ। ਇਹ ਗੁਣ ਰੂਪ, ਰਸ, ਗੰਧ, ਸਪਰਸ਼, ਸ਼ਬਦ, ਸੰਖਿਆ, ਪਰਿਮਾਣ, ਅੰਤਰ, ਸੰਜੋਗ, ਵਿਜੋਗ, ਦੂਰੀ, ਨੇੜਤਾ, ਬੁੱਧੀ, ਸੁੱਖ-ਦੁੱਖ, ਇੱਛਾ, ਵਿਰੋਧ, ਯਤਨ, ਭਾਰਾਪਨ, ਦ੍ਰਵਤਾ, ਸਨੇਹ, ਸੰਸਕਾਰ ਧਰਮ ਅਤੇ ਅਧਰਮ ਹਨ।

### ਸਮਵਾਇ

ਵੈਸ਼ੇਸ਼ਿਕ ਅਨੁਸਾਰ ਸਮਵਾਇ ਵੀ ਇਕ ਸਚਾਈ ਹੈ ਇਹ ਇਕ ਪ੍ਰਕਾਰ ਦਾ ਸੰਬੰਧ ਹੈ ਜਿਹੜਾ ਇਕ ਵਸਤੂ ਦਾ ਆਪਣੇ ਸਮਰਥਕ ਕਰਨ ਨਾਲ ਹੁੰਦਾ ਹੈ। ਕਣਾਦ ਸਮਵਾਇ ਨੂੰ ਪਦਾਰਥਕ ਕਾਰਨ ਅਤੇ ਪ੍ਰਣਾਮ ਦਾ ਸੰਬੰਧ ਕਹਿੰਦਾ ਹੈ ਇਹ ਇਕ ਤਰ੍ਹਾਂ ਦੀ ਅੰਤਰ ਨਿਹਿੱਤਤਾ ਹੈ। ਜਿਸ ਤੋਂ ਅਸੀਂ ਇਹ ਸਮਝਦੇ ਹਾਂ ਕਿ ਇਹ ਉਸ ਵਿਚ ਹੈ। ਗੁਣ ਅਤੇ ਦ੍ਰਵ, ਵਿਆਪਕ ਅਤੇ ਵਿਅਕਤੀ, ਵਿਸ਼ੇਸ਼ ਅਤੇ ਨਿੱਤਦ੍ਰਵ ਦਾ ਆਪਸੀ ਸੰਬੰਧ ਹੈ। ਜੇਕਰ ਸਮਵਾਇ ਸੰਬੰਧ ਦੇ ਸੰਜੋਗ ਨਾਲ ਤੁਲਨਾ ਕੀਤੀ ਜਾਵੇ ਤਾਂ ਸਮਵਾਇ ਨਿੱਤ ਹੈ, ਤਾਂ ਸੰਜੋਗ ਅਨਿੱਤ ਹੈ।

## ਆਪਣੇ ਗਿਆਨ ਦੀ ਪਰਖ ਕਰੋ

1. ਵੈਸ਼ੇਸ਼ਿਕ ਫ਼ਲਸਫ਼ੇ ਅਨੁਸਾਰ ਦ੍ਰਵ ਦੀ ਚਰਚਾ ਕਰੋ।
2. ਵੈਸ਼ੇਸ਼ਿਕ ਫ਼ਲਸਫ਼ੇ ਦੇ ਸੰਖੇਪ ਵਿਚ ਵੱਖ-ਵੱਖ ਪਦਾਰਥਾਂ ਦੀ ਜਾਣਕਾਰੀ ਦਿਉ।
3. ਵੈਸ਼ੇਸ਼ਿਕ ਫ਼ਲਸਫ਼ੇ ਅਨੁਸਾਰ ਗੁਣ ਦੀ ਵਿਸਥਾਰਪੂਰਵਕ ਚਰਚਾ ਕਰੋ।

## 2.2.11 ਛੋਟੇ ਪ੍ਰਸ਼ਨ

1. ਦ੍ਰਵ ਕੀ ਹੈ? 2. ਗੁਣ ਕੀ ਹੈ?
3. ਕਰਮ ਕੀ ਹੈ? 4. ਅਭਾਵ ਕੀ ਹੈ?

## 2.2.12 ਤਜਵੀਜ਼ਤ ਪੁਸਤਕਾਂ


| | | |
|---|---|---|
| D.M. Dutta and SC Chatterjee | : | An Introduction to Indian Philosophy |
| C.D. Sharma | : | A Critical Survey of Indian Philosophy |
| R.D. Nirakari | : | Barti Darshan |

ਪਾਠ ਨੰ: 2.3

## ਸਿੱਖ ਦਰਸ਼ਨ : ਅਕਾਲ ਪੁਰਖ ਅਤੇ ਜਗਤ ਰਚਨਾ

ਬਣਤਰ :

2.3.0 ਉਦੇਸ਼
2.3.1 ਜਾਣ ਪਹਿਚਾਣ
2.3.2 ਅਕਾਲ ਪੁਰਖ ਦੀ ਧਾਰਣਾ
    2.3.2.1 ਮੂਲ-ਮੰਤਰ
    2.3.2.2 ਸਤਿਨਾਮੁ
    2.3.2.3 ਕਰਤਾ ਪੁਰਖੁ
    2.3.2.4 ਨਿਰਭਉ ਨਿਰਵੈਰੁ
    2.3.2.5 ਅਕਾਲ ਮੂਰਤਿ
    2.3.2.6 ਅਜੂਨੀ ਸੈਭੰ
2.3.3 ਅਕਾਲ ਪੁਰਖ ਦੀ ਸੱਤਾ ਸੰਬੰਧੀ ਪ੍ਰਮਾਣ
    2.3.3.1 ਪ੍ਰਮਾਣ ਦੀ ਕੋਈ ਲੋੜ ਹੀ ਨਹੀਂ
    2.3.3.2 ਸਾਡੀ ਆਪਣੀ ਆਤਮਾ
    2.3.3.3 ਬ੍ਰਹਿਮੰਡਾਤਮਕ ਤੇ ਹੋਂਦਾਤਮਕ ਦਲੀਲ
    2.3.3.4 ਪ੍ਰਯੋਜਨਾਤਮਕ ਦਲੀਲ
    2.3.3.5 ਨੈਤਿਕ ਦਲੀਲ
2.3.4 ਅਕਾਲ ਪੁਰਖ ਦੀਆਂ ਵਿਸ਼ੇਸ਼ਤਾਈਆਂ
2.3.5 ਸਿੱਖ ਧਰਮ ਵਿਚ ਜਗਤ ਰਚਨਾ ਦੀ ਧਾਰਨਾ
    2.3.5.1 ਜਗਤ ਰਚਨਾ ਦਾ ਸਰੂਪ
    2.3.5.2 ਜਗਤ ਦੀ ਰਚਨਾ ਸ਼ਬਦ ਰਾਹੀਂ
    2.3.5.3 ਜਗਤ ਰਚਨਾ ਦੇ ਤਿੰਨ ਪੱਧਰ
        2.3.5.3.1 ਧੁੰਦਕਾਰ
        2.3.5.3.2 ਸੁੰਨ
        2.3.5.3.3 ਅੰਦੇਜਾ
2.3.6 ਮਹੱਤਵਪੂਰਨ ਸ਼ਬਦ
2.3.7 ਪ੍ਰਸ਼ਨਾਵਲੀ
2.3.8 ਤਜਵੀਜ਼ਤ ਪੁਸਤਕਾਂ

### 2.3.0 ਉਦੇਸ਼

ਸਿੱਖ ਦਰਸ਼ਨ ਦਾ ਨਿਚੋੜ ਮੂਲ-ਮੰਤਰ ਵਿਚ ਵਿਦਮਾਨ ਹੈ। ਦੂਜੇ ਸ਼ਬਦਾਂ ਵਿਚ ਪਰਮ-ਸੱਤਾ, ਸਰਵ ਵਿਆਪਕ ਅਤੇ ਇਕ ਹੀ ਹੈ। ਉਹ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਅਤੇ ਗੁਰਪ੍ਰਸਾਦਿ ਹੈ। ਉਸ ਅਕਾਲ ਪੁਰਖ ਨੂੰ ਕਿਸੇ ਪ੍ਰਮਾਣ ਦੀ ਲੋੜ ਨਹੀਂ ਹੈ। ਜਗਤ ਰਚਨਾ ਦਾ ਸਿਧਾਂਤ

ਸਿੱਖ ਫ਼ਲਸਫ਼ੇ ਵਿਚ ਸੰਸਾਰ ਦੀ ਰਚਨਾ, ਸਚਾਈ ਅਤੇ ਅਕਾਲ ਪੁਰਖ ਉੱਪਰ ਨਿਰਭਰ ਹੀ ਨਹੀਂ ਕਰਦਾ ਸਗੋਂ ਅਕਾਲ ਪੁਰਖ ਦੀ ਸਰਗੁਣ ਪੱਖਤਾ ਇਸ ਸੰਸਾਰ ਨਾਲ ਕੀ ਸਬੰਧ ਹੈ, ਵੀ ਦਰਸਾਉਂਦਾ ਹੈ। ਗੁਰੂ ਸਾਹਿਬ ਅਨੁਸਾਰ ਸੁੰਨ ਅਵਸਥਾ ਹੈ।

### 2.3.1 ਜਾਣ-ਪਹਿਚਾਣ

ਸਿੱਖ ਦਰਸ਼ਨ ਭਾਰਤੀ ਦਰਸ਼ਨ ਦਾ ਇਕ ਉੱਘਾ ਅੰਸ਼ ਹੈ ਜਿਸ ਵਿਚ ਸਿੱਖ ਗੁਰੂਆਂ, ਸੰਤਾਂ, ਫਕੀਰਾਂ ਆਦਿ ਦੇ ਵਿਚਾਰ ਸੰਮਿਲਿਤ ਹਨ।ਭਾਰਤੀ ਦਰਸ਼ਨ ਦੇ ਇਤਿਹਾਸ ਵਿਚ ਇਹ ਸਭ ਤੋਂ ਵੱਧ ਨਵਾਂ ਹੈ ਕਿਉਂਕਿ ਇਸਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਤੋਂ ਹੁੰਦੀ ਹੈ ਜੋ ਦੂਜੇ ਸੰਤਾਂ,ਗੁਰੂਆਂ, ਫਕੀਰਾਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰਾਂ ਨਾਲ ਪੂਰੀ ਹੁੰਦੀ ਹੈ ਇਨ੍ਹਾਂ ਤੋਂ ਬਾਦ ਵੀ ਕਈ ਹੋਰ ਸੰਪਰਦਾਵਾਂ ਤੇ ਵਿਦਵਾਨਾਂ ਨੇ ਇਸਨੂੰ ਅੱਗੇ ਵਧਾਇਆ। ਇਸ ਦਰਸ਼ਨ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਇਕ ਤੱਤ ਵਿਗਿਆਨਕ ਸੱਚਾਈ ਨੂੰ ਸਮਾਜਿਕ ਜੀਵਨ ਨਾਲ ਜੋੜਦਾ ਹੈ। ਭਾਵ ਇਸ ਅਨੁਸਾਰ ਸਮਾਜਿਕ ਨਿਪੁੰਨਤਾ ਬਿਨਾਂ ਕੋਈ ਸ਼ਕਤੀ ਜਾਂ ਮੋਕਸ਼ ਸੰਭਵ ਨਹੀਂ। ਸਮਾਜਿਕ ਨਿਯਮ ਅਧੀਨ ਬੀਤਿਆ ਜੀਵਨ ਹੀ ਮੁਕਤੀ ਹੈ। ਇਸ ਦਰਸ਼ਨ ਦੇ ਤੱਤ ਵਿਗਿਆਨ ਨੂੰ ਆਦਰਸ਼ਵਾਦੀ ਇਕ ਤੱਤ ਵਾਦ ਜਾਂ ਨਾ ਪਦਾਰਥਵਾਦ ਕਹਿ ਸਕਦੇ ਹਾਂ ਇਸਦੇ ਲਈ ਪਰਮ ਸੱਚਾਈ ਅਪੁਰਸ਼ਯ ਹੈ, ਸੰਸਾਰ ਇਕ ਤੱਥ ਹੈ, ਮਾਯਾ ਇਕ ਸ਼ਕਤੀ ਹੈ। ਇਸ ਤੋਂ ਇਲਾਵਾ ਇਹ ਨਿਰਗੁਣ ਬ੍ਰਹਮ ਦੀ ਪ੍ਰਾਪਤੀ ਸਰਗੁਣ ਰੂਪ ਰਾਹੀਂ ਸੰਭਵ ਮੰਨਦਾ ਹੈ ਤੇ ਇਸ ਪ੍ਰਕ੍ਰਿਆ ਵਿਚ ਗ੍ਰਹਿਸਥ ਜੀਵਨ ਨੂੰ ਵਧੇਰੇ ਮਹੱਤਤਾ ਦੇਂਦਾ ਹੈ।

**2.3.2 ਅਕਾਲ ਪੁਰਖ ਦੀ ਧਾਰਨਾ** :- ਦਰਸ਼ਨ ਵਿੱਚ ਤੱਤ ਵਿਗਿਆਨ ਦਾ ਖਾਸ ਸਥਾਨ ਹੈ ਤੇ ਤੱਤ ਵਿਗਆਨ ਮੁੱਖ ਰੂਪ ਵਿੱਚ ਇਸ ਸਮਸਿਆ ਦਾ ਹੱਲ ਲੱਭਦਾ ਹੈ ਕਿ ਇਹ ਸੰਸਾਰ ਕੀ ਹੈ ਤੇ ਇਸ ਸੰਬੰਧੀ ਅੰਤਿਮ ਸੱਤਾ ਕੀ ਹੈ? ਸਿੱਖ ਦਰਸ਼ਨ ਲਈ ਇਹ ਪ੍ਰਸ਼ਨ ਗੰਭੀਰ ਹੈ, ਜਿਸ ਉਪਰ ਇਸ ਦਾ ਸੰਪੂਰਨ ਦਰਸ਼ਨ ਤੇ ਧਾਰਮਕ ਵਿਚਾਰਧਾਰਾ ਅਧਾਰਿਤ ਹੈ ਭਾਵ ਦ੍ਰਵ ਦੀ ਸਮੱਸਿਆ ਪ੍ਰਤੀ ਸਿੱਖ ਦਰਸ਼ਨ ਦੀ ਆਪਣੀ ਤੇ ਵੱਖ ਵਿਚਾਰਧਾਰਾ ਹੈ।

#### 2.3.2.1 ਮੂਲ-ਮੰਤਰ

ਸਿੱਖ ਦਰਸ਼ਨ ਦਾ ਨਿਚੋੜ ਮੂਲ ਮੰਤਰ ਵਿਚ ਸ਼ਾਮਲ ਹੈ ਕਿਉਂਕਿ ਮੂਲ ਮੰਤਰ ਵਿੱਚ ਹੀ ਉਸਦੇ ਈਸ਼ਵਰ ਸੰਬੰਧੀ ਸਭ ਵਿਚਾਰ ਵਿਅਕਤ ਹਨ। ਮੂਲ ਮੰਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁਜੀ ਸਾਹਿਬ ਦਾ ਸਭ ਤੋਂ ਪਹਿਲਾ ਵਾਕ ਹੈ ਤੇ ਜਪੁਜੀ ਸਾਹਿਬ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਪਹਿਲਾਂ ਵਾਕ ਹੈ ਭਾਵ ਮੂਲ ਮੰਤਰ ਨਾਲ ਹੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੁਰੂਆਤ ਹੁੰਦੀ ਹੈ । ਜਿਵੇਂ ਭਾਰਤੀ ਸੰਵਿਧਾਨ ਦਾ ਮੂਲ ਉਸਦੇ ਮੁੱਖ ਬੰਧ ਵਿੱਚ ਸ਼ਾਮਲ ਹੈ ਠੀਕ ਉਸੇ ਤਰ੍ਹਾਂ ਸਿੱਖ ਦਰਸ਼ਨ ਦੀ ਸੰਪੂਰਨ ਵਿਚਾਰਧਾਰਾ ਮੂਲ ਮੰਤਰ ਵਿਚ ਸ਼ਾਮਲ ਹੈ। ਮੂਲ ਮੰਤਰ ਵਿੱਚ ਗੁਰੂ ਜੀ ਕਹਿੰਦੇ ਹਨ ਅਕਾਲ ਪੁਰਖ ਇਕ ਪੁਰਸ਼ ਰੂਪੀ ਹੈ ਪਰ ਅੰਤ ਵਿਚ ਉਹ ਇਸਦੇ ਅਪੁਰਸ਼ ਹੋਣ ਦੇ ਵਿਚਾਰ ਤੇ ਵਧੇਰੇ ਜ਼ੋਰ ਦਿੰਦੇ ਹਨ ਭਾਵੇਂ ਸਾਨੂੰ ਮੂਲ ਮੰਤਰ ਵਿਚ 'ਪੁਰਖ' 'ਕਰਤਾ' 'ਨਿਰਭਉ' 'ਨਿਰਵੈਰ' ਸ਼ਬਦਾਂ ਤੋਂ ਇਹ ਗਿਆਤ ਹੁੰਦਾ ਹੈ ਕਿ ਗੁਰੂ ਸਾਹਿਬ ਅਨੁਸਾਰ ਅਕਾਲ ਪੁਰਖ ਪੁਰਸ਼ ਹੈ ਪਰ ਉਨ੍ਹਾਂ ਦੇ ਬਾਕੀ ਸਭ ਤੇ ਵਧੇਰੇ ਵਿਚਾਰਾਂ ਵਿੱਚ ਸੱਚਾਈ ਦਾ ਅਪੁਰਸ਼ ਆਦਰਸ਼ਵਾਦ ਤੇ ਅਦਵੈਤਵਾਦ ਹੀ ਮਿਲਦਾ ਹੈ।

੧ਓਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।

ਇਥੇ ਇਸ ਸ਼ਲੋਕ ਨੂੰ ਸੱਤ ਜੋੜਿਆਂ ਵਿੱਚ ਰੱਖਿਆ ਗਿਆ ਹੈ।

੧ਓ (ਇਕ ਉਮਕਾਰ) ਸਿੱਖ ਦਰਸ਼ਨ ਅਨੁਸਾਰ ਪਰਮ ਸੱਚਾਈ ਵਿਚ ਸੰਗਠਤਾ ਅਤੇ ਏਕਤਾ ਹੈ ਭਾਵ ਸਭ ਕੁਝ ਇਕੋ ਸੱਤਾ ਦੇ ਅਧੀਨ ਹੋ ਰਿਹਾ ਹੈ ਸਭ ਕੁਝ ਵਿਚ ਉਹ ਹੀ ਹੈ ਜਾਂ ਸਭ ਕੁਝ ਦਾ ਅੰਤ ਉਸ ਵਿਚ ਹੁੰਦਾ ਹੈ। ਉਸ ਇੱਕ unity ਨੂੰ ਆਮ ਸ਼ਬਦਾਂ ਵਿੱਚ ਇਕ ਸਰਵ ਵਿਆਪਕ ਸੱਤਾ ਕਹਿ ਸਕਦੇ ਹਨ। ੧ਓ ਇਕ ਉਮਕਾਰ ਤਿੰਨ ਸ਼ਬਦਾਂ ਦਾ ਮੇਲ ਹੈ। ਇਕ ਦਾ ਅਰਥ ਸਧਾਰਣ ਅਰਥਾਂ ਵਾਂਗ ਹੀ ਹੈ ਭਾਵ ਪਰਮ

ਸੱਤਾ ਕੇਵਲ 'ਇਕ' ਹੈ ਭਾਵ ਗੁਰੂ ਜੀ ਬਹੁਦਵੈਤਵਾਦ ਨੂੰ ਅਸਵੀਕਾਰਦੇ ਹਨ ਇਹ ਇਕ ਗਣਿਤ ਦੇ 'ਅੰਕ' ਇਕ ਦੇ ਸਮਾਨ ਹੈ ਤੱਤ ਵਿਗਿਆਨਕ ਵਿਵਸਥਾ ਇਕ ਤੋਂ ਸ਼ੁਰੂ ਤੇ ਖਤਮ ਹੁੰਦੀ ਹੈ। 'ਓਮ' ਦਾ ਅਰਥ ਹੈ 'ਮੱਢਲਾ ਕਾਰਨ' ਕਿਉਂਕਿ 'ਓਮ' ਸ਼ਬਦ ਇਕ ਸਵਰ ਹੈ ਜਿਸਦੇ ਪ੍ਰਗਟ ਹੋਣ ਤੇ ਸਾਰੇ ਸੰਸਾਰ ਦੀ ਰਚਨਾ ਹੋਈ ਹੈ ਇਹ ਸਵਰ O+A+M ਦਾ ਮੇਲ ਹੈ O ਤੋਂ ਭਾਵ Urdham ਜਾਂ ਉਪਰ ਹੈ। 'A' ਤੋਂ ਭਾਵ adham ਜਾਂ ਹੇਠਾਂ ਅਤੇ 'M' ਦਾ ਭਾਵ Madham ਜਾਂ ਵਿਚਕਾਰ ਹੈ। ਇਸ ਤਰ੍ਹਾਂ OAM ਦਾ ਅਰਥ ਹੈ ਉਹ ਜੋ ਇਸ ਸੰਪੂਰਨ ਸਰੀਰ ਤੋਂ ਉਪਰ, ਹੇਠਾਂ ਵਿਚਕਾਰ ਹੈ।

ਇਕ → ੧ਓੰ ← ਅਕਾਰ (Akar) (The Universe)

(The One) ← ਓਮ (Oam) (Being)

'੧' ਸਿੱਖ ਦਰਸ਼ਨ ਦੇ ਇਕ ਈਸ਼ਵਰਵਾਦ ਦਾ ਸੰਕੇਤ ਹੈ 'ਓੰ' ਉਸਦੀ ਸੱਤਾ ਜਾਂ ਉਸਦੀ ਸ਼ਕਤੀ ਦਾ ਸੰਕੇਤ ਹੈ ਅਤੇ ਆਕਾਰ ਉਸਦੀ ਰਚਨਾ ਭਾਵ ਸੰਸਾਰ ਦਾ ਸੰਕੇਤ ਹੈ।

2.3.2.2 **ਸਤਿਨਾਮ** :– ਸੰਸਕ੍ਰਿਤ ਭਾਸ਼ਾ ਦੇ ਸ਼ਬਦ ਸੱਤ ਦਾ ਪੰਜਾਬੀ ਰੂਪਾਂਤਰ ਹੈ ਜੋ ਅਸੀਂ ਤੋਂ ਬਣਿਆ ਹੈ– 'ਹੈ'। ਸਤਿਨਾਮ ਤੋਂ ਭਾਵ ਸ਼ੁੱਧ ਸੱਤਾ। 'ਸਤਿ' ਸ਼ਬਦ 'ਨਾਮ' ਦਾ ਅਗੇਤਰ ਹੈ। 'ਨਾਮ' ਤੋਂ ਭਾਵ ਸੂਖਮ ਪਰਿਵਰਤਨਸ਼ੀਲ ਊਰਜਾ ਹੈ ਇਹ 'ਨਾਮ ਸਾਰੇ ਸੰਸਾਰ ਅਤੇ ਇਸਦੀ ਕ੍ਰਿਆ ਦਾ ਪਦਾਰਥਕ ਤੇ ਨਿਮਿਤ ਕਾਰਣ ਹੈ ਜਿਵੇਂ ਕਿ ਗੁਰੂ ਸਾਹਿਬ ਸੋਰਠ ਮਹਿਲਾ-11 ਵਿਚ ਦਰਸਾਉਂਦੇ ਹਨ ਕਿ ਨਾਸਿ ਤੇ ਸਭਿ ਉਪਜਿ।

2.3.2.3 **ਕਰਤਾ ਪੁਰਖ** :– ਗੁਰੂ ਜੀ ਦਰਸਾਉਂਦੇ ਹਨ ਕਿ ਉਹ ਅੰਤਮ ਸੱਤਾ ਇਕ ਕਰਤਾ ਹੈ। ਕਰਤਾ ਤੋਂ ਭਾਵਕਰਨ ਵਾਲਾ। ਇਸ ਸਾਰੇ ਸੰਸਾਰ ਦੀ ਰਚਨਾ ਦਾ ਮੁੱਢਲਾ ਕਾਰਣ ਹੈ ਉਸ ਇਕ ਸਰਵ ਵਿਆਪਕ ਦਾ ਇਕ ਗੁਣ ਇਹ ਵੀ ਹੈ ਕਿ ਉਹ ਕਰਤਾ ਹੈ ਤੇ 'ਪੁਰਖ' ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਪੁਰਸ਼ ਦਾ ਪੰਜਾਬੀ ਰੂਪਾਂਤਰ ਹੈ। ਸਿੱਖ ਦਰਸ਼ਨ ਵਿਚ ਉਸ ਪਰਮ ਇਕ ਨੂੰ ਪੁਰਖ ਦੇ ਸਮਾਨ ਮੰਨਿਆ ਗਿਆ ਹੈ ਇਹ ਕਰਤਾ ਪੁਰਖ ਇਕ ਸੰਯੁਕਤ ਪਦ ਹੈ ਜਿਸਦਾ ਅਰਥ ਹੈ ਪਰਿਵਰਤਨਸ਼ੀਲ ਪੁਰਸ਼। ਇਕਰੂਪਤਾ ਜਿਸਨੇ ਇਸ ਸੰਾਰ ਦੀ ਰਚਨਾ ਕੀਤੀ ਹੈ ਜਿਸ ਵਿਚ ਇਹ ਵਾਪਿਸ ਸਮਾ ਜਾਵੇਗੀ।

2.3.2.4 **ਨਿਰਭਉ ਨਿਰਵੈਰ** :– ਨਿਰ+ਭਉ ਦਾ ਅਰਥ ਉਹ ਅਕਾਲ ਪੁਰਖ ਬਿਨਾਂ ਡਰ ਤੋਂ ਹੈ ਪਰ ਗੁਰੂ ਸਾਹਿਬ ਭਉ ਦਾ ਅਰਥ ਡਰ ਨਹੀਂ ਲੈਂਦੇ ਕਿਉਂਕਿ ਉਸ 'ਇਕ' ਨੂੰ ਨਿਰਭਉ ਕਹਿਣਾ ਆਪਣੇ ਹੀ ਵਿਚਾਰ ਦੀ ਵਿਰੋਧਤਾ ਹੈ ਉਹ ਇਕ ਹੈ ਤੇ ਕੇਵਲ ਉਹ ਹੀ ਤੋਂ ਲੈਂਦੇ ਹਨ ਕਿਉਂਕਿ ਬਾਕੀ ਸਭ ਕੁਝ ਅਨੁਸ਼ਾਸਨ ਵਿਚ ਹੈ ਪਰ 'ਇਕ' ਬਿਨਾਂ ਅਨੁਸ਼ਾਸਨ ਦੇ ਹੈ। ਨਿਰਵੈਰ ਦਾ ਅਰਥ ਹੈ ਨਿਰ+ਵੈਰ ਭਾਵ ਬਿਨਾ ਵੈਰ। ਈਸ਼ਵਰ ਪੁਰਸ਼ ਸਰੂਪ ਹੈ। ਇਸ ਤੋਂ ਬਿਨਾਂ ਦੂਸਰਾ ਕੁਝ ਨਹੀਂ, ਭਾਵ ਸਿੱਖ ਦਰਸ਼ਨ ਉਸ ਇੱਕ ਦੇ ਕਿਸੇ ਸ਼ਰੀਕ ਤੋਂ ਇਨਕਾਰ ਕਰਦਾ ਹੈ।

2.3.2.5 **ਅਕਾਲ ਮੂਰਤਿ** :– ਉਹ ਅਕਾਲ ਤੇ ਮੂਰਤ ਵੀ ਹੈ। 'ਅ+ਕਾਲ' ਦਾ ਅਰਥ ਹੈ ਬਿਨਾਂ ਕਾਲ ਤੋਂ, ਪਰ ਇਥੇ ਗੁਰੂ ਸਾਹਿਬ ਦਾ ਉਸ 'ਇਕ' ਨੂੰ ਅਕਾਲ ਕਹਿਣ ਤੋਂ ਇਹ ਭਾਵ ਨਹੀਂ ਕੀ ਉਹ ਬਿਨਾਂ ਕਾਲ ਹੈ ਬਲਕਿ ਉਸਦੀ ਰਚਨਾ ਸੰਬੰਧ ਇਹ ਨਹੀਂ ਦੱਸਿਆ ਜਾਣਾ ਕਿ ਉਹ ਕਾਲ ਦੇ ਕਿਸ ਹਿੱਸੇ ਵਿਚ ਪੈਦਾ ਹੋਇਆ ਸੀ ਭਾਵ ਉਸਦੀ ਰਚਨਾ ਸੰਬੰਧੀ ਕੋਈ ਸਮਾਂ ਨਹੀਂ ਦੱਸਿਆ ਜਾ ਸਕਦਾ। ਬਲਕਿ ਕਾਲ ਦੀ ਰਚਨਾ ਵੀ ਉਸਨੇ ਕੀਤੀ ਹੈ ਅਕਾਲ ਦਾ ਅਰਥ ਕਾਲ ਤੋਂ ਉਪਰ ਹੈ।

2.3.2.6 **ਅਜੂਨੀ ਸੈਭੰ** :– ਉਹ 'ਇਕ' ਅਜੂਨੀ ਹੈ, ਉਹ ਕਦੇ ਵੀ ਜੂਨ ਵਿਚ ਨਹੀਂ ਆਉਂਦਾ ਭਾਵ ਉਸਨੂੰ ਕਦੇ ਵੀ ਜਨਮ ਲੈਣ ਦੀ ਲੋੜ ਨਹੀਂ ਹੈ। ਅਜੂਨੀ ਦਾ ਅਰਥ ਹੈ ਅਣਜੰਮਿਆ ਭਾਵ ਗੁਰੂ ਸਾਹਿਬ ਅਵਤਾਰਵਾਦ ਦੇ ਸਿਧਾਂਤ ਨੂੰ ਠੁਕਰਾਉਂਦੇ ਹਨ। ਸੈਭੰ ਦਾ ਅਰਥ ਹੈ ਸਵੈ ਪ੍ਰਕਾਸ਼ਿਤ। ਇਸਦਾ ਅਰਥ ਹੈ ਕਿ ਉਹ 'ਇੱਕ' ਕਿਸੇ ਹੋਰ ਸਿਧਾਂਤ ਜਾਂ ਸੱਤਾ ਤੇ ਨਿਰਭਰ ਨਹੀਂ ਹੈ ਇਹ 'ਇਕ' ਸਭ ਵਸਤਾਂ ਦਾ ਅਧਾਰ ਹੈ ਪਰ ਇਸਦਾ ਕੋਈ ਅਧਾਰ ਨਹੀਂ।

**2.3.3 ਅਕਾਲ ਪੁਰਖ ਦੀ ਸੱਤਾ ਸਬੰਧੀ ਪ੍ਰਮਾਣ** : ਈਸ਼ਵਰ ਹਰ ਤੱਤ ਵਿਗਿਆਨਕ ਵਿਚਾਰਧਾਰਾ ਦਾ ਪ੍ਰਮੁੱਖ ਵਿਸ਼ਾ ਹੁੰਦਾ ਹੈ। ਇਸੇ ਤਰ੍ਹਾਂ ਇਸ ਪ੍ਰਮੁੱਖ ਵਿਸ਼ੇ ਵਿਚ ਈਸ਼ਵਰ ਦੀ ਸੱਤਾ ਸੰਬੰਧੀ ਪ੍ਰਮਾਣ ਪੇਸ਼ ਕਰਨਾ ਇਸਦੀ ਵਿਸ਼ੇਸ਼ਤਾ ਨੂੰ ਪ੍ਰਗਟਾਉਂਦਾ ਹੈ। ਇਸ ਦਰਸ਼ਨ ਵਿੱਚ ਵੀ ਪ੍ਰਤੱਖ, ਅਪ੍ਰਤੱਖ ਰੂਪ ਵਿਚ ਉਸ 'ਇਕ' ਸਬੰਧੀ ਕੁਝ ਪ੍ਰਮਾਣ ਦਿੱਤੇ ਗਏ ਹਨ ਜੋ ਇਸ ਤਰ੍ਹਾਂ ਹਨ:

2.3.3.1 **ਪ੍ਰਮਾਣ ਦੀ ਕੋਈ ਲੋੜ ਹੀ ਨਹੀਂ**:– ਗੁਰੂ ਸਾਹਿਬ ਉਸ ਅਕਾਲ ਨੂੰ ਅਜਿਹੇ ਮੰਨਦੇ ਹਨ ਜਿਸਦੇ ਪ੍ਰਮਾਣ ਦੀ ਕੋਈ ਲੋੜ ਨਹੀਂ ਕਿਉਂਕਿ ਉਹ ਹੀ ਸਭ ਤੋਂ ਦਿਖਣਯੋਗ ਤੇ ਪ੍ਰਤੱਖਯੋਗ ਹੈ ਜਿਵੇਂ ਇਹ ਇਕ ਕਹਾਵਤ ਹੈ ਕਿ 'ਪ੍ਰਤੱਖ ਨੂੰ ਪ੍ਰਮਾਣ ਕੀ'। ਆਸਾ ਮਹੱਲਾ ਪੰਜਵਾਂ ਤੇ ਦਰਸਾਇਆ ਗਿਆ ਕਿ ਨਾਨਕ ਦਾ ਈਸ਼ਵਰ ਸਭ ਤੋਂ ਵੱਖ ਦਿਖਣਯੋਗ ਹੈ ਇਸੇ ਤਰ੍ਹਾਂ ਪ੍ਰਭਾਵਤੀ ਮਹੱਲਾ ਵਿੱਚ ਗੁਰੂ ਸਾਹਿਬ ਦਰਸਾਉਂਦੇ ਹਨ ਕਿ ਜਿਸ ਜਿਸ ਪਾਸੇ ਵੀ ਮੇਰੀ ਨਜ਼ਰ ਜਾਂਦੀ ਹੈ ਉਥੇ ਉਹੀ ਨਜ਼ਰ ਆਉਂਦਾ ਹੈ – ਜਹਾ ਜਹਾ ਦੇਖਾ ਤਹਾ ਤਹਾ ਸੋਇ। ਭਾਵ ਉਸ 'ਇਕ' ਨੂੰ ਵੇਖਣਵਾਲੀ 'ਅੱਖ' ਹੀ ਹੋਰ ਹੈ।

2.3.3.2 **ਸਾਡੀ ਆਪਣੀ ਆਤਮਾ** :– ਸੱਤਾ ਸਬੰਧੀ ਪਹਿਲਾ ਪ੍ਰਮਾਣ ਗੁਰੂ ਜੀ ਦਿੰਦੇ ਹਨ ਕਿ ਸਾਡੀ ਆਪਣੀ ਆਤਮਾ ਉਸਦੀ ਸੱਤਾ ਦਾ ਪ੍ਰਮਾਣ ਹੈ, ਭਾਵ ਗੁਰੂ ਸਾਹਿਬ ਅਨੁਸਾਰ ਜੇ ਅਸੀਂ ਇਸ ਆਤਮਾ ਨੂੰ ਵੱਡਾ ਕਰਕੇ ਵੇਖੀਏ ਤਾਂ ਉਹ ਅਕਾਲ ਪੁਰਖ ਹੀ ਹੈ ਭਾਵ ਆਤਮਾ ਦਾ ਵੱਡਾ ਵਿਰਾਟ ਰੂਪ ਅਕਾਲ ਪੁਰਖ ਹੈ ਦੋਵਾਂ ਵਿਚਲਾ ਅੰਤਰ ਕਿਸਮ ਦਾ ਨਹੀਂ ਬਲਕਿ ਮਾਤਰਾ ਦਾ ਹੈ। ਜੀਵ ਉਸ ਪਰਮ ਅੱਗ ਦਾ ਇਕ ਪਤੰਗਾ ਹੈ ਜੋ ਵੱਖ ਹੋਣ ਤੇ ਵੀ ਆਪਣੇ ਸਾਧਨ ਵੱਲ ਭੱਜਦਾ ਰਹਿੰਦਾ ਹੈ।

2.3.3.3 **ਬ੍ਰਹਮੰਡਾਤਮਕ ਤੇ ਹੋਂਦਾਤਮਕ ਦਲੀਲ** ÷ ਅਕਾਲ ਪੁਰਖ ਇਕ ਕਰਤਾ ਹੈ। ਜੋ ਸੰਪੂਰਨ ਬ੍ਰਹਮੰਡ ਵੱਲ ਦੇਖਿਆ ਜਾਵੇ ਕਿ ਇਹ ਕਿਵੇਂ ਕਾਰਜ ਕਰ ਰਿਹਾ ਹੈ ਅਤੇ ਇਸ ਵਿਸ਼ਾਲ ਯੋਜਨਾ ਨੂੰ ਕਿਸ ਨੇ ਬਣਾਇਆ ਹੈ ਤੇ ਸਹਿਜੇ ਹੀ ਇਹ ਮਾਨਤਾ ਬਣਾਉਣੀ ਪੈਂਦੀ ਹੈ ਕਿ ਕੋਈ ਬਹਤੁ ਵੱਡਾ ਰਚਨਹਾਰ ਹੈ ਕਿਉਂਕਿ ਇਹ ਕਾਰਜ ਕਿਸੇ ਮਨੁੱਖ ਦਾ ਨਹੀਂ ਹੋ ਸਕਦਾ। ਮਨੁੱਖ ਬਹੁਤ ਛੋਟੀ ਸ਼ਹਿਰ ਹੈ ਅਤੇ ਛੋਟੇ ਕੰਮ ਕਰਦੀ ਹੈ। ਇਸ ਵਿਸ਼ਾਲ ਯੋਜਨਾ ਨੂੰ ਬਣਾਉਣ ਅਤੇ ਸਫ਼ਲ ਬਣਾਉਣ ਵਾਲਾ ਵੀ ਕੋਈ ਵਿਸ਼ਾਲ, ਸੁਪਰ ਮਨੁੱਖ ਜਾਂ ਅਕਾਲ ਪੁਰਖ ਹੀ ਹੋਵੇਗਾ। ਵਿਸ਼ਾਲ ਯੋਜਨਾਂ ਦਾ ਕਾਰਣ ਵੀ ਕੋਈ ਮੁੱਢਲਾ ਤੇ ਵਿਸ਼ਾਲ ਕਾਰਣ ਹੀ ਹੋਵੇਗਾ ਕਿਉਂਕਿ ਛੋਟੀਆਂ ਰਚਨਾਵਾਂ ਦਾ ਕਾਰਣ ਛੋਟਾ ਹੁੰਦਾ ਹੈ ਅਤੇ ਵੱਡੀਆਂ ਰਚਨਾਵਾਂ ਦਾ ਕਾਰਣ ਵੀ ਤੇ ਵੱਡਾ ਹੀ ਹੋਵੇਗਾ।

2.3.3.4 **ਪ੍ਰਯੋਜਨਾਤਮਕ ਦਲੀਲ** :– ਤੱਤ ਵਿਗਿਆਨ ਵਿਚ ਈਸ਼ਵਰ ਦੀ ਸੱਤਾ ਸੰਬੰਧੀ ਇਕ ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ ਇਸ ਬ੍ਰਹਮੰਡ ਤੇ ਸੰਸਾਰ ਦੀਆਂ ਆਮ ਵਸਤਾਂ ਕਿਸੇ ਪ੍ਰਯੋਜਨ ਦੇ ਅਧੀਨ ਕੰਮ ਕਰ ਰਹੀਆਂ ਹਨ ਸਭ ਕੁਝ ਕਿਸੇ ਪ੍ਰਯੋਜਨ ਦੇ ਪੂਰਾ ਕਰਨ ਲਈ ਹੋ ਰਿਹਾ ਹੈ। ਗੁਰੂ ਸਾਹਿਬ ਵੀ ਇਸ ਸੰਬੰਧੀ ਸਹਿਮਤ ਹਨ ਉਹ ਇਕ ਉਦਾਹਰਣ ਰਾਹੀਂ ਇਹ ਵਿਚਾਰ ਪ੍ਰਗਟ ਕਰਦੇ ਹਨ ਕਿ ਇਕ ਨਵਜਾਤ ਬੱਚਾ ਕੁਝ ਖਾ ਜਾਂ ਚੱਬ ਨਹੀਂ ਸਕਦਾ, ਪਰ ਉਹ ਈਸ਼ਵਰ ਉਸਦੇ ਜੀਵਨ ਲਈ ਜਾਂ ਇੰਝ ਕਹਿ ਲਓ ਕਿ ਆਪਣੇ ਪ੍ਰਯੋਜਨ ਲਈ ਉਸ ਬੱਚੇ ਦੀ ਮਾਂ ਦੀ ਛਾਤੀ ਵਿਚ ਦੁੱਧ ਭੇਜਦਾ ਹੈ ਜਿਵੇਂ ਹੀ ਛਾਤੀ ਵਿੱਚ ਦੁੱਧ ਸੁਕਦਾ ਹੈ ਤਿਵੇਂ ਹੀ ਬੱਚੇ ਦੇ ਦੰਦ ਆਉਣੇ ਸ਼ੁਰੂ ਹੋ ਜਾਂਦੇ ਹਨ ਇਸ ਤਰ੍ਹਾਂ ਗੁਰੂ ਉਸ ਅਕਾਲ ਪੁਰਖ ਨੂੰ ਇਕ ਪ੍ਰਯੋਜਨਕਾਰ ਕਹਿੰਦੇ ਹਨ। ਇਸੇ ਤਰ੍ਹਾਂ ਸੂਰਜ, ਚੰਨ, ਸਿਤਾਰੇ ਆਦਿ ਸਭ ਉਸੇ ਪ੍ਰਯੋਜਨਕਾਰ ਦੇ ਕੰਮ ਹਨ।

2.3.3.5 **ਨੈਤਿਕ ਦਲੀਲ** :– ਸਭ ਤੋਂ ਵੱਧ ਮਜ਼ਬੂਤ ਦਲੀਲ, ਗੁਰੂ ਸਾਹਿਬ ਅਨੁਸਾਰ ਨੈਤਿਕ ਦਲੀਲ ਹੈ ਜਿਸਨੂੰ ਇਕ ਸਿੱਖ ਆਪਣੇ ਜੀਵਨ ਵਿਚ ਪ੍ਰਾਪਤ ਵੀ ਕਰਦਾ ਹੈ। ਭਾਵ ਇਕ ਸੱਚੇ ਮਨੁੱਖ ਦੇ ਜੀਵਨ ਤੋਂ ਹੀ ਉਸ ਅਕਾਲ ਪੁਰਖ ਦੀ ਸੱਤਾ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ ਕਿਉਂਕਿ ਉਸ ਅਕਾਲ ਪੁਰਖ ਨਾਲ ਕੀਤਾ ਨੈਤਿਕ ਸੰਚਾਰ ਹੀ ਮਨੁੱਖ ਨੂੰ ਨੈਤਿਕ ਬਣਾਉਂਦਾ ਹੈ।

**ਨਿਰਗੁਣ** :– ਉਸ ਅਕਾਲ ਪੁਰਖ ਨੂੰ ਗੁਣਾਂ ਰਾਹੀਂ ਦਰਸਾਇਆ ਨਹੀਂ ਜਾ ਸਕਦਾ ਕਿਉਂਕਿ ਸਾਡੀ ਬੁੱਧੀ ਉਸ ਨੂੰ ਕੇਵਲ ਗੁਣਾਂ ਦੇ ਮਾਧਿਅਮ ਰਾਹੀਂ ਹੀ ਸਮਝ ਸਕਦੀ ਹੈ ਪਰ ਉਹ ਇਨ੍ਹਾਂ ਗੁਣਾਂ ਤੋਂ ਬਹੁਤ ਪਰ੍ਹੇ ਹੈ।

**ਸਰਗੁਣ** :- ਅਕਾਲ ਪੁਰਖ ਇਸ ਦੁਨਿਆਵੀ ਵਸਤਾਂ ਵਿੱਚ ਵੱਸਦਾ ਹੈ। ਉਸ ਵਿਚ ਕਈ ਗੁਣ ਮੌਜੂਦ ਹਨ ਜਿਨ੍ਹਾਂ ਦੇ ਆਧਾਰ ਤੇ ਉਸਦੀ ਸੱਤਾ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

**2.3.4 ਅਕਾਲ ਪੁਰਖ ਦੀਆਂ ਵਿਸ਼ੇਸ਼ਤਾਵਾਂ** : (1) ਇੱਕ (2) ਸੱਚ (3) ਕਰਤਾ (4) ਪੁਰਸ਼ (5) ਨਿਰਭਓ ਨਿਰਵੈਰ (6) ਅਕਾਲ ਮੂਰਤਿ (7) ਨਿਰਗੁਣ ਸਰਗੁਣ (8) ਅਮੂਰਤ

### 2.3.5 ਸਿੱਖ ਧਰਮ ਵਿੱਚ 'ਜਗਤ ਰਚਨਾ' ਦੀ ਧਾਰਨਾ

ਜਗਤ ਰਚਨਾ ਦਾ ਸਿਧਾਂਤ ਸਿੱਖ ਫ਼ਲਸਫ਼ੇ ਵਿੱਚ ਨਾ ਕੇਵਲ ਸੰਸਾਰ ਦੀ ਰਚਨਾ, ਸਚਾਈ ਅਤੇ ਉਸਦੀ ਅਕਾਲ ਪੁਰਖ ਉਤੇ ਨਿਰਭਰਤਾ ਦੀ ਵਿਆਖਿਆ ਕਰਦਾ ਹੈ, ਬਲਕਿ ਨਾਲ ਹੀ ਇਹ ਸਿਧਾਂਤ ਦਰਸਾਉਂਦਾ ਹੈ ਕਿਸ ਤਰ੍ਹਾਂ ਅਕਾਲ ਪੁਰਖ ਦੇ ਸਰਗੁਣ ਪੱਖ ਦਾ ਇਸ ਸੰਸਾਰ ਨਾਲ ਸੰਬੰਧ ਹੈ। ਸਿੱਖ ਫ਼ਲਸਫ਼ੇ ਵਿੱਚ ਅਕਾਲ ਪੁਰਖ ਤੋਂ ਬਾਅਦ ਜਗਤ ਰਚਨਾ ਦਾ ਵਿਚਾਰ ਸਭ ਤੋਂ ਵੱਧ ਹਰਮਨ ਪਿਆਰਾ ਰਿਹਾ ਹੈ। ਜਗਤ ਰਚਨਾ ਤੋਂ ਭਾਵ ਹੈ ਕਿ ਇਸ ਸੰਸਾਰ ਦੀ ਰਚਨਾ ਕਿਵੇਂ ਹੋਈ, ਕਿਉਂ ਹੋਈ ਅਤੇ ਕਿਸ ਰਾਹੀਂ ਕੀਤੀ ਗਈ ਹੈ? ਸੰਸਾਰ ਦੀ ਸਚਾਈ ਕੀ ਹੈ। ਜਗਤ ਰਚਨਾ ਬਾਰੇ ਸਮੁੱਚੀ ਨਾਨਕ ਬਾਣੀ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਸੰਕੇਤ ਮਿਲਦੇ ਹਨ ਪਰ ਫਿਰ ਵੀ ਜਪੁ, ਮਾਰੂ ਸੋਲਹੇ, ਓਅੰਕਾਰ, ਵਾਰ ਆਸਾ, ਸਿੱਧ ਗੋਸ਼ਟਿ ਅਤੇ ਬਾਰਾਮਾਹ ਤੁਖਾਰੀ ਵਿੱਚ ਸੰਸਾਰ ਦੀ ਰਚਨਾ ਸੰਬੰਧੀ ਵਿਚਾਰ ਵਧੇਰੇ ਉੱਭਰ ਕੇ ਸਾਹਮਣੇ ਆਉਂਦੇ ਹਨ। ਜਗਤ ਰਚਨਾ ਨੂੰ ਕਈ ਹੋਰ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਜਿਵੇਂ 'ਕੁਦਰਤ', ਸ਼ਕਤੀ, 'ਰਚਨਾ-ਸ਼ਕਤੀ', 'ਸ੍ਰਿਸ਼ਟੀ', 'ਮਾਇਆ', 'ਲੀਲਾ' ਆਦਿ। ਸਭ ਤੋਂ ਵੱਧ ਸ਼ਬਦ 'ਕੁਦਰਤ ਵਰਤਿਆ ਗਿਆ ਹੈ ਜੋ ਇਕ ਅਰਬੀ ਸ਼ਬਦ ਹੈ ਜਿਸ ਦੇ ਅਰਥ ਸਾਂਖ ਦਰਸ਼ਨ ਵਿੱਚ ਪ੍ਰਯੋਗ ਕੀਤੇ ਪ੍ਰਕ੍ਰਿਤੀ (Prakrti) ਅਤੇ ਰਾਮਾਨੁਜ ਰਾਹੀਂ ਵਰਤੇ ਗਏ ਸ਼ਬਦ ਪ੍ਰਕ੍ਰਿਤੀ ਦੇ ਸਮਾਨ ਹਨ।

ਜਿਥੇ ਰਾਮਾਨੁਜ ਕੇਵਲ ਸਰਗੁਣ ਬ੍ਰਹਮ ਦੀ ਹੀ ਮਹਿਮਾ ਗਾਉਂਦਾ ਹੈ ਉਥੇ ਸਿੱਖ ਦਰਸ਼ਨ ਜਗਤ ਦੀ ਰਚਨਾ ਦੇ ਵਿਚਾਰ ਵਿੱਚ ਅਕਾਲ ਪੁਰਖ ਦੇ ਸਰਗੁਣ ਅਤੇ ਨਿਰਗੁਣ ਦੋਵਾਂ ਨੂੰ ਸ਼ਾਮਲ ਕਰਦਾ ਹੈ। ਸਿੱਖ ਦਰਸ਼ਨ ਤੱਤ ਵਿਗਿਆਨਕ ਸਿਧਾਂਤ ਦੇ ਨਾਲ ਮਨੋਵਿਗਿਆਨਕ, ਸਮਾਜਿਕ, ਜੀਵਆਤਮਕ ਅਤੇ ਸੁੰਦਰਤਾਤਮਕ ਵਿਆਖਿਆਵਾਂ ਵੀ ਦਿੰਦਾ ਹੈ ਜਿਵੇਂ 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:-

ਕੁਦਰਤਿ ਦਿਸੈ ਕੁਦਰਤਿ ਸੁਣਿਐ, ਕੁਦਰਤਿ ਭਉ ਸੁਖ ਸਾਰ।
ਕੁਦਰਤਿ ਪਉਣ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ।

ਸਿੱਖ ਦਰਸ਼ਨ ਵਿਚ ਜਗਤ ਰਚਨਾ ਸੰਬੰਧੀ ਸਭ ਤੋਂ ਵੱਡਾ ਵਿਚਾਰ ਗੁਰੂ ਨਾਨਕ ਸਾਹਿਬ ਦੇ ਮੂਲ ਮੰਤਰ ਵਿੱਚ ਸ਼ਾਮਲ ਹੈ ਜਿਥੇ ਗੁਰੂ ਸਾਹਿਬ ਅਕਾਲ ਪੁਰਖ ਨੂੰ ਕਰਤਾ, ਭਾਵ ਰਚਨਾ ਵਾਲਾ ਮੰਨਦੇ ਹਨ, ਉਹ ਜੋ ਕੁਝ ਕਰੇਗਾ, ਉਹ ਤੱਥ ਹੋਵੇਗਾ। ਗੁਰੂ ਸਾਹਿਬ ਸੰਸਾਰ ਨੂੰ ਤੱਥ ਮੰਨਦਿਆਂ ਹੋਇਆ ਅਕਾਲ ਪੁਰਖ ਨੂੰ ਇਸਦਾ ਕਰਤਾ ਮੰਨਦੇ ਹਨ। ਦੂਜੇ ਸ਼ਬਦਾਂ ਵਿੱਚ ਕਾਰਣ ਅਤੇ ਕਾਰਜ ਦੇ ਸਿਧਾਂਤ ਦੀ ਦ੍ਰਿਸ਼ਟੀ ਤੋਂ ਸਿੱਖ ਫ਼ਲਸਫ਼ਾ ਸਤ ਕਾਰਜਵਾਦੀ ਹੈ ਭਾਵ ਇਸ ਅਨੁਸਾਰ ਹਰ ਕਾਰਜ ਦਾ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ ਅਤੇ ਇਸ ਸੰਸਾਰ ਦਾ ਕਾਰਨ ਉਹ ਅਕਾਲ ਪੁਰਖ ਆਪ ਹੈ।

**2.3.5.1 ਜਗਤ ਰਚਨਾ ਦਾ ਸਰੂਪ** :- ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੇ ਪਰਮ ਸਰੂਪ ਨੂੰ ਦੋ ਭਾਗਾਂ ਵਿੱਚ ਵੰਡਦੇ ਹਨ-ਫੁਰ (Immanent Consciousness) ਅਤੇ ਅਫੁਰ (Transcendental Consciousness) ਗੁਰੂ ਸਾਹਿਬ ਨੇ 'ਅਫੁਰ' ਅਵਸਥਾ ਨੂੰ ਅਕਾਲ ਪੁਰਖ ਦੀ ਮੁੱਢਲੀ ਅਵਸਥਾ ਜਾਂ ਸਚਾਂਈ ਕਿਹਾ ਹੈ। ਜਗਤ ਰਚਨਾ ਤੋਂ ਪਹਿਲਾਂ ਅਕਾਲ ਪੁਰਖ 'ਅਫੁਰ' ਅਵਸਥਾ ਵਿੱਚ ਸੀ। ਉਸ ਸਮੇਂ ਕੁਝ ਵੀ ਨਹੀਂ ਹੁੰਦਾ ਸੀ, ਕੇਵਲ ਅੰਧਕਾਰ ਹੀ ਅੰਧਕਾਰ ਸੀ। ਪਰ ਉਸਨੇ ਆਪਣੀ ਪਰਮ ਇੱਛਾ ਅਨੁਸਾਰ ਜਦ ਜਗਤ ਦੀ ਰਚਨਾ ਕੀਤੀ ਤਾਂ ਉਸਦੀ ਅਵਸਥਾ ਨੂੰ 'ਫੁਰ ਅਵਸਥਾ' ਕਿਹਾ ਜਾਣ ਲੱਗਾ। ਇੰਜ ਗੁਰੂ ਸਾਹਿਬ ਇਸ ਸੰਸਾਰ ਨੂੰ ਸੱਚ ਮੰਨਦੇ ਹਨ ਅਤੇ ਅਕਾਲ ਪੁਰਖ ਨੂੰ ਇਸਦਾ ਇਕੋ ਇਕ ਕਾਰਨ ਦੱਸਦੇ ਹਨ।

ਗੁਰੂ ਸਾਹਿਬਾਂ ਅਨੁਸਾਰ ਇਸ ਸੰਸਾਰ ਦਾ ਸਰੂਪ ਪਲ-ਪਲ ਬਦਲਦਾ ਹੈ। ਇਸ ਸੰਸਾਰ ਵਿੱਚ ਕੁਝ

ਵੀ ਸਦਾ ਲਈ ਨਹੀਂ ਹੈ। ਹਰੇਕ ਵਸਤੂ ਸਮੇਂ ਅਤੇ ਸਥਾਨ ਦੇ ਅਧੀਨ ਹੈ। ਵੈਸੇ ਤਾਂ ਗੁਰੂ ਸਾਹਿਬ ਨੇ ਇਸ ਸੰਸਾਰ ਨੂੰ ਇਕ ਤੱਥ ਦਾ ਰੂਪ ਦੱਸਿਆ ਹੈ ਪਰ ਇਸਦੇ ਸਥਾਈਪੁਣੇ ਤੋਂ ਇਨਕਾਰ ਕੀਤਾ ਹੈ। ਉਹਨਾਂ ਅਨੁਸਾਰ ਇਹ ਸੰਸਾਰ 'ਕੂੜ' ਹੈ- 'ਕੂੜਿ ਰਾਜਾ, ਕੂੜਿ ਪ੍ਰਜਾ, ਕੂੜਿ ਸਭ ਸੰਸਾਰ।' ਗੁਰੂ ਸਾਹਿਬ ਕੇਵਲ ਅਕਾਲ ਪੁਰਖ ਦੀ ਅਮਰਤਾ ਨੂੰ ਸਿੱਧ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਰਚਨਾ ਤੋਂ ਪਹਿਲਾਂ ਦੀ ਅਵਸਥਾ ਦੀ ਵਿਆਖਿਆ ਕੀਤੀ ਹੈ। ਉਹਨਾਂ ਦਾ ਵਿਚਾਰ ਵੇਦਾਂ ਦੀ ਵਿਆਖਿਆ ਦੇ ਸਮਾਨ ਹੈ। ਗੁਰੂ ਸਾਹਿਬ ਅਨੁਸਾਰ ਰਚਨਾ ਤੋਂ ਪਹਿਲਾਂ ਕੁਝ ਵੀ ਨਹੀਂ ਸੀ ਹੁੰਦਾ ਸਿਵਾਇ ਅੰਧਕਾਰ (void) ਤੋਂ, ਨਾ ਕੋਈ ਸੱਤਾ ਸੀ ਨਾ ਹੀ ਕੋਈ ਅਸੱਤਾ, ਨਾ ਹੀ ਮੌਤ ਅਤੇ ਨਾ ਹੀ ਕੋਈ ਜੀਵਨ। ਕੋਈ ਚੰਦ-ਤਾਰੇ ਨਹੀਂ ਸਨ, ਨਾ ਕੋਈ ਗਿਆਨ ਜਾਂ ਅਗਿਆਨ। ਇਸ ਅਵਸਥਾ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ 'ਸੁੰਨ' ਕਿਹਾ ਗਿਆ ਹੈ। ਇਹ ਸੁੰਨ ਅਵਿਆਖਿਆਨ ਅਪ੍ਰਭਾਸ਼ਿਤ ਹੈ ਕਿਉਂਕਿ ਇਹ ਕਹਿਣ, ਸੋਚ, ਸਮਾਂ ਅਤੇ ਸਥਾਨ ਅਤੇ ਨਾ ਅਤੇ ਰੂਪ ਤੋਂ ਪਰ੍ਹਾਂ ਹੈ। ਇਸ ਅਵਸਥਾ ਵਿੱਚ ਕੇਵਲ ਅਕਾਲ ਪੁਰਖ ਸੀ ਅਤੇ ਉਸਦੀ ਇਸ ਅਵਸਥਾ ਨੂੰ 'ਅਫੁਰ' ਦੀ ਅਵਸਥਾ ਕਹਿੰਦੇ ਹਨ। ਏਥੇ 'ਸੁੰਨ' ਦਾ ਅਰਥ ਨਿਖੇਧਾਤਮਿਕ ਨਹੀਂ ਬਲਕਿ ਇਹ ਇਕ ਅਕਹਿ ਅਤੇ ਅਪ੍ਰਭਾਸ਼ਿਤ ਵਿਚਾਰ ਦਾ ਨਾਮ ਹੈ। ਇਹ ਮਨੁੱਖ ਦੀ ਸੋਚ ਤੋਂ ਪਰ੍ਹਾਂ ਹੈ, ਇਸੇ ਲਈ ਇਸਨੂੰ ਸੁੰਨ ਕਹਿੰਦੇ ਹਨ।

2.3.5.2 **ਜਗਤ ਦੀ ਰਚਨਾ ਸ਼ਬਦ ਰਾਹੀਂ:-** ਗੁਰੂ ਸਾਹਿਬ ਅਨੁਸਾਰ ਸੁੰਨ ਅਵਸਥਾ ਤੋਂ ਉੱਭਰਕੇ ਅਕਾਲ ਪੁਰਖ ਨੇ ਇਸ ਜਗਤ ਦੀ ਰਚਨਾ 'ਸ਼ਬਦ' ਰਾਹੀਂ ਕੀਤੀ ਹੈ। ਸ਼ਬਦ ਨੂੰ ਅਕਾਲ ਪੁਰਖ ਦੀ ਰਚਨਾਤਮਕ ਸ਼ਕਤੀ ਮੰਨਿਆ ਗਿਆ ਹੈ। ਸ਼ਬਦ ਅਕਾਲ ਪੁਰਖ ਦੀ ਸ਼ਕਤੀ ਤਰਕ ਦੈਵੀ ਸਿਆਣਪ ਜਾਂ ਮਨ ਹੈ। ਗੁਰੂ ਨਾਨਕ ਦੇਵ ਜੀ ਦੇ ਮੂਲ ਮੰਤਰ ਦੇ ਸ਼ੁਰੂਆਤੀ ਸੰਕੇਤ '੧ੴ' ਵਿਚ ਦਰਸਾਇਆ ਹੈ, ਇਥੇ ॐ (ੴ) ਦਾ ਅਰਥ ਇਕ ਸ਼ਕਤੀ ਹੈ ਜਿਸਨੇ ਸੰਸਾਰ ਦੀ ਰਚਨਾ ਕੀਤੀ। ਇਹ ਇਕ ਸਵਰ (ਧੁਨੀ) ਹੈ ਜਿਸ ਰਾਹੀਂ ਅਕਾਲ ਪੁਰਖ ਦੀ ਚੇਤਨਹ ਵਿਚੋਂ ਪਦਾਰਥ ਪੈਦਾ ਹੋਏ ਅਤੇ ਇਸ ਜਗਤ ਦੀ ਰਚਨਾ ਹੋਈ ਹੈ। 'ਸ਼ਬਦ' ਰਚਨਾ ਦਾ ਇਕ ਸਾਧਨ ਹੈ। ਸਿੱਖ ਦਰਸ਼ਨ ਵਿੱਚ 'ਨਾਮ' (The Name) ਨੂੰ ਵਸਤਾਂ ਦਾ ਮੂਲ ਤੱਤ ਮੰਨਿਆ ਗਿਆ ਹੈ। ਇਥੇ ਨਾਮ ਅਕਾਲ ਪੁਰਖ, ਇਸਦੀ ਇੱਛਾ ਇਸਦੇ ਨਾਮ ਅਤੇ ਇਸ ਰਾਹੀਂ ਕੀਤੀ ਰਚਨਾ ਦੇ ਸਮਾਨ ਹੈ। ਸਾਰਾ ਬ੍ਰਹਮੰਡ ਉਸਦੀ ਰਚਨਾ ਹੈ:-

ਨਾਮੈ ਹੀ ਤੇ ਸਭਿ ਕੁਝਿ ਬਨੈ,
ਖੰਡ, ਬ੍ਰਹਮੰਡ ਸਰੀਰ।।

2.3.5.3 **ਜਗਤ ਰਚਨਾ ਦੇ ਤਿੰਨ ਪੱਧਰ:-** ਗੁਰੂ ਸਾਹਿਬ ਅਨੁਸਾਰ ਅਰਬਾਂ-ਖਰਬਾਂ ਸਾਲ ਪਹਿਲਾਂ ਕੁਝ ਵੀ ਨਹੀਂ ਹੁੰਦਾ ਸੀ ਕੇਵਲ ਅੰਧਕਾਰ ਹੀ ਹੁੰਦਾ ਸੀ। ਕੋਈ ਆਕਾਸ਼, ਕੋਈ ਧਰਤੀ ਨਹੀਂ ਸੀ ਕੇਵਲ ਇਕ ਪਰਮ ਇੱਛਾ ਹੀ ਹੁੰਦੀ ਸੀ। ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰ: 1035-36, 1037-38 ਅਤੇ 832.3 ਉਪਰ ਸਥਿਤ ਤਿੰਨ ਸਲੋਕਾਂ ਵਿਚ ਰਚਨਾ ਸੰਬੰਧੀ ਵਿਚਾਰ ਪ੍ਰਗਟ ਕੀਤੇ ਗਏ ਹਨ। ਗੁਰੂ ਸਾਹਿਬ ਅਨੁਸਾਰ ਰਚਨਾ ਦੇ ਕੇਵਲ ਤਿੰਨ ਹੀ ਪੱਧਰ ਸਨ:-

(ੳ) ਧੁੰਦਕਾਰਾ (Deep darkness)
(ਅ) ਸੁੰਨ (Void)
(ੲ) ਅੰਦੇਜਾ (Egg)

2.3.5.3.1 **ਧੁੰਦਕਾਰ :-** ਰਚਨਾ ਸੰਬੰਧੀ ਗੁਰੂ ਸਾਹਿਬ ਦੁਆਰਾ ਵਧੇਰੇ ਜਾਣਿਆ ਪਹਿਚਾਣਿਆ ਸਲੋਕ ਹੈ। ਇਸ ਵਿਚ 16 ਅੰਗ ਹਨ ਜਿਸ ਵਿੱਚ ਗੁਰੂ ਸਾਹਿਬ ਨੇ ਰਚਨਾ ਤੋਂ ਪਹਿਲਾਂ ਦੇ ਅਕਾਲ ਪੁਰਖ ਦੇ ਸਮੇ ਦੀ ਅਵਸਥਾ ਦਾ ਵਰਣਨ ਕੀਤਾ ਹੈ ਜੋ ਇੰਜ ਹੈ:-

ਅਰਬਦ ਨਰਬਦ ਧੁੰਧੂਕਾਰਾ।।
ਧਰਣਿ ਨ ਗਗਨਾ ਹੁਕਮੁ ਅਪਾਰਾ।।

ਇਸ ਸਲੋਕ ਵਿੱਚ ਦੋ ਤੱਥ ਵਿਚਾਰਯੋਗ ਹਨ ਕਿ ਇਸ ਅਵਸਥਾ ਵਿੱਚ ਸੰਸਾਰ ਦੀ ਅਸੱਤਾ ਸੀ ਅਤੇ ਕੇਵਲ ਅਦਿੱਖ, ਅਮਰ, ਅਸੀਮਤ ਅਤੇ ਉਸਦੀ ਇੱਛਾ (ਹੁਕਮ) ਹੀ ਸਨ। ਕਈ ਸਿੱਖ ਦਰਸ਼ਨ ਵਿਦਵਾਨ ਇਸ ਅਵਸਥਾ ਨੂੰ Chaos ਜਾਂ Utter darkness ਕਹਿੰਦੇ ਹਨ।

**2.3.5.3.2 ਸੁੰਨ:–** ਸੰਸਾਰ ਅਕਾਲ ਪੁਰਖ ਦੀ ਲੀਲਾ ਹੈ। ਸੰਸਾਰ ਦੀ ਰਚਨਾ ਤੋਂ ਪਹਿਲਾਂ ਈਸ਼ਵਰ ਸੁੰਨ ਦੀ ਅਵਸਥਾ ਵਿੱਚ ਸੀ। ਸੁੰਨ ਸ਼ਬਦ ਬੁੱਧ ਦਰਸ਼ਨ ਦੇ 'ਸ਼ੂਨਅ' ਤੋਂ ਲਿਆ ਗਿਆ ਹੈ ਜਿਥੇ ਬੋਧੀ ਪਰਮ ਸਚਾਈ ਨੂੰ ਅਵਿਆਖਿਆਨ ਕਹਿੰਦੇ ਹਨ। ਸੁੰਨ ਤੋਂ ਭਾਵ ਹੈ ਸਿਫ਼ਰ, ਖਾਲੀ। ਗੁਰੂ ਸਾਹਿਬ ਨੇ ਸੰਸਾਰ ਦੀ ਰਚਨਾ ਨੂੰ ਏਸੇ ਸਿਫ਼ਰ (ਸੁੰਨ) ਤੋਂ ਉਪਜਿਆ ਦੱਸਿਆ ਹੈ ਕਿਉਂਕਿ ਜਿਸ ਅਵਸਥਾ ਤੋਂ ਇਹ ਪੈਦਾ ਹੋਇਆ ਹੈ ਉਹ ਅਸਲ ਵਿੱਚ ਵਿਆਖਿਆ ਵਿੱਚ ਨਹੀਂ ਆਉਂਦੀ, ਏਸੇ ਕਰਕੇ ਉਸਨੂੰ ਸੁੰਨ ਅਵਸਥਾ ਕਹਿੰਦੇ ਹਨ।

**2.3.5.3.3 ਅੰਦੇਜਾ (Egg):–** ਗੁਰੂ ਸਾਹਿਬ ਨੇ ਜਗਤ ਰਚਨਾ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 832.3 ਉਪਰ ਅੰਦੇਜਾ ਦਾ ਵੀ ਵਿਚਾਰ ਸੰਮਿਲਿਤ ਕੀਤਾ ਹੈ। ਅੰਦੇਜਾ ਤੋਂ ਭਾਵ ਅੰਡਾ। ਭਾਵ ਕਰਤਾ ਜਿਸਨੂੰ ਪੈਦਾ ਕਰਦਾ ਹੈ ਉਸਦੀ ਰੱਖਿਆ ਵੀ ਕਰਦਾ ਹੈ। ਇਥੇ ਇਹ ਸਪਸ਼ਟ ਹੁੰਦਾ ਹੈ ਕਿ ਕਰਤਾ ਕੇਵਲ ਇਕ ਹੀ ਹੈ।

ੲ ਥ

ਅੰਦੇਜਾ (ਅੰਡੇ) ਤੋਂ ਭਾਵ ਇਹ ਹੈ ਕਿ ਕਰਤਾ ਪਹਿਲਾਂ ਹੀ ਅੰਡੇ ਦੀ ਪ੍ਰਕ੍ਰਿਆ ਵਾਂਗ ਜਗਤ ਦੀ ਰਚਨਾ ਵਿਚ ਵਿਚਰਤ ਸੀ। ਜਗਤ ਦੀ ਰਚਨਾ ਮੁੱਖ ਤੌਰ ਤੇ ਅੰਡੇ ਦੀ ਪ੍ਰਕ੍ਰਿਆ ਵਾਂਗ ਹੈ। ਅਕਾਲ ਪੁਰਖ ਨੂੰ ਇਕ ਸੰਸਾਰੀ, ਇਕ ਭੰਡਾਰੀ, ਇਕ ਲਾਏ ਦੀਵਾਨ ਵੀ ਕਿਹਾ ਗਿਆ ਹੈ ਭਾਵ ਰਚਨਾਂ ਵਿੱਚ ਉਸਦਾ ਰੋਲ ਕੇਵਲ ਕਰਤਾ ਵਜੋਂ ਹੀ ਨਹੀਂ ਬਲਕਿ ਉਸਨੇ ਸੰਸਾਰ ਨੂੰ ਤਰਤੀਬ ਅਨੁਸਾਰ ਰੱਖਿਆ ਹੈ। ਜਿਥੇ ਉਹ ਪੈਦਾ ਕਰਦਾ ਹੈ ਉਥੇ ਹੀ ਉਸਦੇ ਪਾਲਣ ਪੋਸ਼ਣ ਦਾ ਭੰਡਾਰ ਵੀ ਦਿੰਦਾ ਹੈ।

ਜਗਤ ਰਚਨਾ ਅਨਾਦਿ ਨਹੀਂ ਹੈ ਸਗੋਂ ਇਹ ਅਸੀਮ ਹੈ। ਜਗਤ ਰਚਨਾ ਦਾ ਪ੍ਰਯੋਜਨ ਹੈ, ਇਸ ਵਿੱਚ ਅਨੁਸ਼ਾਸਨ ਬੱਧਤਾ ਹੈ। ਜਗਤ ਰਚਨਾ ਲੋਪ ਹੋ ਸਕਦੀ ਹੈ, ਨਸ਼ਟ ਨਹੀਂ।

## 2.3.6 ਮਹੱਤਵਪੂਰਨ ਸ਼ਬਦ

**ਅਕਾਲ ਪੁਰਖ:–**

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾ ਵਾਕ ਮੂਲ-ਮੰਤਰ ਹੈ। ਜਿਸ ਵਿੱਚ ਸਿੱਖ ਮਤ ਦੀ ਸੰਪੂਰਨ ਵਿਚਾਰਧਾਰਾ ਸ਼ਾਮਲ ਹੈ। ਮੂਲ-ਮੰਤਰ ਵਿੱਚ ਅਕਾਲ ਪੁਰਖ ਨੂੰ ਪੁਰਖ, ਕਰਤਾ, ਨਿਰਭਉ, ਨਿਰਵੈਰ ਸ਼ਬਦਾਂ ਨਾਲ ਸੰਬੋਧਤ ਕੀਤਾ ਗਿਆ ਹੈ। ਗੁਰੂ ਸਾਹਿਬ ਅਨੁਸਾਰ ਅਕਾਲ ਪੁਰਖ ਪੁਰਸ਼ ਹੈ ਪਰ ਉਹਨਾਂ ਦੇ ਬਾਕੀ ਵਿਚਾਰਾਂ ਵਿਚ ਸੱਚਾਈ ਦਾ ਅਪੁਰਸ਼ ਆਦਰਸ਼ਵਾਦ ਅਤੇ ਅਦਵਾਇਤਵਾਦ ਹੀ ਮਿਲਦਾ ਹੈ। ਸਿੱਖ ਦਰਸ਼ਨ ਦੇ ਅਕਾਲ ਪੁਰਖ ਨੂੰ ਪ੍ਰਮਾਣ ਦੀ ਕੋਈ ਲੋੜ ਨਹੀਂ। ਇਹ ਕੇਵਲ ਇਕ ਅਤੇ ਕੇਵਲ ਇਕ ਹੀ ਹੈ।

**ਜਗਤ ਰਚਨਾ:–**

ਜਗਤ ਰਚਨਾ ਦਾ ਸਿਧਾਂਤ ਸਿੱਖ ਫ਼ਲਸਫ਼ੇ ਵਿਚ ਨਾ ਕੇਵਲ ਸੰਸਾਰ ਦੀ ਰਚਨਾ, ਸਚਾਈ ਅਤੇ ਉਸ ਦੀ ਅਕਾਲ ਪੁਰਖ ਦੀ ਨਿਰਭਤਾ ਦੀ ਵਿਆਖਿਆ ਕਰਦਾ ਹੈ। ਬਲਕਿ ਨਾਲ ਹੀ ਇਹ ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਅਕਾਲ ਪੁਰਖ ਦਾ ਸਰਗੁਣ ਪੱਖ ਵੀ ਹੈ। ਜਗਤ ਰਚਨਾ ਤੋਂ ਭਾਵ ਇਹ ਸੰਸਾਰ ਦੀ ਰਚਨਾ ਕਿਵੇਂ ਹੋਈ, ਕਿਉਂ ਹੋਈ, ਕਿਸ ਰਾਹੀਂ ਕੀਤੀ ਗਈ ਹੈ। ਸੰਸਾਰ ਦੀ ਸੌਚਾਈ ਕੀ ਹੈ? ਜਗਤ ਰਚਨਾ ਬਾਰੇ ਵਿਚਾਰ ਜਪੁ, ਮਾਰੂ ਸੋਹਲੇ ਉਅੰਕਾਰ, ਵਾਰ ਆਸਾ, ਸਿੱਧ ਗੋਸ਼ਟਿ ਅਤੇ ਬਾਰਾਂ ਮਾਰ ਤੁਖਾਰੀ ਵਿਚ ਮਿਲਦੇ ਹਨ। ਜਗਤ ਰਚਨਾ ਦੇ ਤਿੰਨ ਪੱਧਰ ਧੁੰਦਕਾਰਾ, ਸੁੰਨ ਅਤੇ ਅੰਦੇਜਾ ਹਨ।

## 2.3.7 ਛੋਟੇ ਪ੍ਰਸ਼ਨ : ਹੇਠ ਲਿਖਿਆਂ ਦੀ ਘੱਟੋ ਘੱਟ 50 ਸ਼ਬਦਾਂ ਵਿੱਚ ਵਿਆਖਿਆ ਕਰੋ।

1. ਮੂਲ ਮੰਤਰ
2. ਇਕ ਉਮਕਾਰ (੧ੴ)

3. ਜਗਤ ਰਚਨਾ ਦੇ ਤਿੰਨ ਪੱਧਰ

**ਵੱਡੇ ਪ੍ਰਸ਼ਨ**

1. ਸਿੱਖ ਦਰਸ਼ਨ ਵਿੱਚ ਅਕਾਲ ਪੁਰਖ ਦੇ ਵਿਚਾਰ ਉਪਰ ਚਰਚਾ ਕਰੋ।
2. ਅਕਾਲ ਪੁਰਖ ਦੇ ਸਰਗੁਣ ਅਤੇ ਨਿਰਗੁਣ ਪੱਖਾਂ ਉਪਰ ਚਰਚਾ ਕਰੋ।
3. ਸਿੱਖ ਦਰਸ਼ਨ ਅਨੁਸਾਰ ਜਗਤ ਰਚਨਾ ਉਪਰ ਚਰਚਾ ਕਰੋ।

### 2.3.8 ਤਜਵੀਜ਼ਤ ਪੁਸਤਕਾਂ


ਗੁਰੂ ਨਾਨਕ ਦੇਵ ਜੀ : ਮਾਰੂ ਮਹੱਲਾ, 1 ਪੰਨਾ 1035

ਗੁਰੂ ਨਾਨਕ ਦੇਵ ਜੀ : ਜਪੁਜੀ ਸਾਹਿਬ, ਪਉੜੀ 21

Wazir Singh, Humanism of Guru Nanak, Delhi Ess Ess Publications

ਪ੍ਰੋ. ਸ਼ੇਰ ਸਿੰਘ – ਗੁਰਮਤਿ ਦਰਸ਼ਨ, ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

Kohli S.S. A Critical Study of Adi-Granth, Delhi Moti Lal, Banarsi Dass, 1961

Jodh Singh (Bhai) L Japuji, 1914

Guru Arjan Dev Ji (Ed.). The Adi granth, Punjabi Pages, 1430

Guru Nanak : ਮਾਰੂ ਮਹੱਲਾ 5, ਪੰਨਾ 1001

ਆਦਿ ਗ੍ਰੰਥ, ਪੰਨਾ 369 ਅਤੇ 287

Guru Arjan Dev : ਗਉੜੀ ਸੁਖਮਨੀ, ਮਹੱਲਾ 5, ਪੰਨਾ 269

ਪਾਠ ਨੰ: 2.4 ਲੇਖਕ : ਪ੍ਰੋ. ਜੀ.ਐਸ. ਸੰਧੂ

## ਮਨੁੱਖ ਅਤੇ ਪ੍ਰਾਕਿਰਤੀ ਦਾ ਸੰਬੰਧ : ਵੈਦਿਕ ਰਿੱਤ ਅਤੇ ਆਧੁਨਿਕ ਦ੍ਰਿਸ਼ਟੀਕੋਣ

ਬਣਤਰ

2.4.0 ਉਦੇਸ਼
2.4.1 ਜਾਣ ਪਹਿਚਾਣ
2.4.2 ਰਿੱਗਵੇਦ ਵਿਚ ਰਿੱਤ ਦਾ ਸੰਕਲਪ
2.4.3 ਰਿੱਤ ਸ਼ਬਦ ਦੇ ਪ੍ਰਾਕ੍ਰਿਤਕ ਅਤੇ ਨੈਤਿਕ ਅਰਥਾਂ ਤੋਂ ਇਲਾਵਾ ਰਸਮੀ ਅਰਥ
2.4.4 ਸਿੱਟਾ
2.4.5 ਮਹੱਤਪੂਰਨ ਸ਼ਬਦ
2.4.6 ਪ੍ਰਸ਼ਨਾਵਲੀ
2.4.7 ਤਜਵੀਜ਼ਤ ਪੁਸਤਕਾਂ

### 2.4.1 ਜਾਣ ਪਹਿਚਾਣ

'ਰਿੱਤ' ਸ਼ਬਦ ਦਾ ਆਮ ਤੌਰ ਤੇ ਸੱਚ, ਉੱਚਿਤ, ਸਹੀ ਅਤੇ ਇਮਾਨਦਾਰ ਅਰਥ ਕੀਤਾ ਜਾਂਦਾ ਹੈ ਜੋ ਬ੍ਰਹਿਮੰਡੀ ਕ੍ਰਮ ਵਿਚ ਪਾਇਆ ਜਾਂਦਾ ਹੈ। ਬ੍ਰਹਿਮੰਡ ਵਿਚ ਰਿੱਤ ਦਾ ਸਥਾਨ ਮਨੁੱਖੀ ਜੀਵਨ ਵਿਚ ਕਰਮ ਦੇ ਅਨੁਸਾਰੀ ਹੈ। ਸੂਰਜ, ਚੰਦ, ਤਾਰੇ, ਦਿਨ, ਰਾਤ, ਰੁੱਤਾਂ ਦੀ ਸਿਲਸਿਲੇਵਾਰ ਗਤੀ ਦੇ ਨਿਰੀਖਣ ਨੇ ਵੈਦਿਕ ਰਿਸ਼ੀਆਂ ਦੇ ਮਨਾਂ ਅੰਦਰ ਰਿੱਤ ਦੇ ਵਿਚਾਰ ਨੂੰ ਪੈਦਾ ਕੀਤਾ ਹੋਵੇਗਾ। ਬ੍ਰਹਿਮੰਡ ਦੀਆਂ ਸਾਰੀਆਂ ਵਸਤੂਆਂ ਅਤੇ ਉਹਨਾਂ ਦੀ ਅਭਿਵਿਅਕਤੀ ਦੀ ਰਿੱਤ ਪੂਰਣ ਘਟਨਾ ਹੈ। ਜਿਥੇ ਬ੍ਰਹਿਮੰਡ ਪਰਿਵਰਤਨਸ਼ੀਲ ਹੈ ਉਥੇ ਰਿੱਤ ਅਪਰਿਵਰਤਨਸ਼ੀਲ ਅਤੇ ਸਦੀਵੀ ਹੈ।

ਰਿੱਤ ਦਾ ਵਿਚਾਰ ਜੋ ਸਭਾ ਤੋਂ ਪੁਰਾਤਨ ਵੇਦ 'ਰਿਗਵੇਦ' ਤੋਂ ਪੈਦਾ ਹੋਇਆ ਹੈ, ਬੜਾ ਹੀ ਮਹੱਤਵਪੂਰਨ ਵਿਚਾਰ ਹੈ। ਰਿਗਵੇਦ ਵਿਚ ਇਕ ਸੰਦਰਭ ਤੋਂ ਦੂਜੇ ਸੰਦਰਭ ਵਿਚ ਇਸ ਦੇ ਅਰਥ ਬਦਲਦੇ ਰਹੇ ਹਨ। ਜਿਵੇਂ ਕਿਤੇ ਤਾਂ ਇਸ ਦਾ ਅਰਥ 'ਭੌਤਿਕਕ੍ਰਮ' ਅਤੇ ਕਿਤੇ 'ਬ੍ਰਹਿਮੰਡੀ ਨਿਯਮ' ਲਈ ਵਰਤਿਆ ਗਿਆ ਹੈ। ਰਿਗਵੇਦ ਵਿਚ ਭੌਤਿਕ ਸੰਸਾਰ ਨੂੰ ਕੇਵਲ ਘਟਨਾਵਾਂ ਦਾ ਇਕੱਠ ਹੀ ਨਹੀਂ ਲਿਆ ਗਿਆ ਸਗੋਂ ਸਾਰੀਆਂ ਘਟਨਾਵਾਂ ਨੂੰ ਇਕ ਵਿਸ਼ੇਸ਼ ਕ੍ਰਮ ਵਿਚ ਪਾਇਆ ਗਿਆ ਹੈ। ਭੌਤਿਕ ਸੰਸਾਰ ਨੂੰ ਇਕ ਕ੍ਰਮਿਕ ਸਮੁਚੱਤਾ ਦੇ ਤੌਰ ਤੇ ਲਿਆ ਗਿਆ ਹੈ। ਜਿਸ ਵਿਚ ਹਰੇਕ ਅੰਸ਼ ਸੰਮਲਿਤ ਹੈ ਅਤੇ ਸਮੁੱਚਤਾ ਵਿਚ ਕ੍ਰਮਕਤਾ ਰਿੱਤ ਦੇ ਸਿਧਾਂਤ ਦੁਆਰਾ ਸੰਭਵ ਹੁੰਦੀ ਹੈ। ਇੰਜ ਕੁਦਰਤ ਦੇ ਨਿਯਮਾਂ ਦੀ ਵਿਗਿਆਨਕ ਧਾਰਨਾ ਰਿੱਤ ਦੇ ਕੁਦਰਤੀ ਨਿਯਮ ਦੀ ਰਿਗਵੈਦਿਕ ਧਾਰਨਾ ਤੋਂ ਭਿੰਨ ਹੈ।ਕੁਦਰਤ ਦੇ ਵਿਗਿਆਨਕ ਨਿਯਮਾਂ ਦੀ ਧਾਰਨਾ ਰੂਹਾਨੀ ਸੱਤਾਵਾਂ ਦੀ ਤੱਤ-ਵਿਗਿਆਨਕ ਨਿਯਮ ਉੱਪਰ ਤਾਰਕਿਕ ਤੌਰ ਤੇ ਨਿਰਭਰ ਨਹੀਂ ਕਰਦੀ ਜਦੋਂ ਕਿ ਰਿੱਤ ਦੇ ਕੁਦਰਤੀ ਨਿਯਮ ਦੀ ਰਿਗਵੈਦਿਕ ਧਾਰਨਾ ਤਾਰਕਿਕ ਤੌਰ ਤੇ ਰੂਹਾਨੀ ਸੱਤਾ ਦੀ ਤੱਤ ਵਿਗਿਆਨਕ ਪੂਰਕ ਧਾਰਨਾ ਉਪਰੋਂ ਅਧਾਰਤ ਹੈ। ਦੂਜੇ ਸ਼ਬਦਾਂ ਵਿਚ ਵਿਗਿਆਨੀ ਇਹ ਨਹੀਂ ਮੰਨਦੇ ਕਿ ਕੁਦਰਤ ਦੀ ਇਕਰੂਪਤਾ ਦੇ ਪਿਛੇ ਕੋਈ ਰੂਹਾਨੀ ਸ਼ਕਤੀਆਂ ਹਨ ਜੋ ਇਸ ਨੂੰ ਨਿਯਮਤ ਕਰਦੀਆਂ ਹਨ। ਉਹਨਾਂ ਅਨੁਸਾਰ ਕੁਦਰਤ ਦੇ ਨਿਯਮ ਯਾਂਤਰਿਕ ਤੌਰ ਤੇ ਕਾਰਜ ਕਰਦੇ ਹਨ। ਦੂਜੇ ਪਾਸੇ ਰਿੱਤ ਦਾ ਕੁਦਰਤੀ ਨਿਯਮ ਰੂਹਾਨੀ ਸ਼ਕਤੀਆਂ ਦੁਆਰਾ ਕਾਰਜ ਕਰਦਾ ਹੈ। ਜਿਨ੍ਹਾਂ ਨੂੰ ਅਗਨੀ, ਵਰੁਣ ਅਤੇ ਮਿਤਰਾ ਕਿਹਾ ਗਿਆ ਹੈ ਜਦੋਂ ਵੈਦਿਕ ਰਿਸ਼ੀਆਂ ਨੇ ਰਿੱਤ ਦੇ ਨਿਯਮ ਨੂੰ ਰੂਹਾਨੀ ਸ਼ਕਤੀਆਂ ਦੁਆਰਾ ਕਾਰਜ ਕਰਦੇ ਵੇਖਿਆ ਤਾਂ ਉਹਨਾਂ ਨੇ ਕੁਦਰਤੀ ਆਫਤਾਂ ਜਿਵੇਂ ਹੜ੍ਹ, ਤੂਫ਼ਾਨ ਅੱਗ ਆਦਿ ਤੋਂ ਬਚਣ ਲਈ ਪ੍ਰਾਰਥਨਾਵਾਂ

ਅਤੇ ਅਹੁਤੀਆਂ ਦੁਆਰਾ ਉਹਨਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿਤੀ। ਇੰਜ ਵੈਦਿਕ ਮੰਤਰਾਂ ਅੱਗਨੀ ਦੀ ਵਿਆਖਿਆ ਅੱਗਨੀ ਦੇ ਦੇਵਤਾ ਦੇ ਤੌਰ ਤੇ ਹੋਈ ਨਾ ਕਿ ਭੌਤਿਕ ਅੱਗ ਦੇ ਤੌਰ ਤੇ।

ਸ਼ਬਦ ਰਿੱਤ ਜਿਸ ਦੀ ਵਰਤੋਂ ਭੌਤਿਕ ਵਸਤੂਆਂ ਦੇ ਖੇਤਰ ਵਿਚ ਇਕ ਕੁਦਰਤੀ ਨਿਯਮ ਦੇ ਤੌਰ ਤੇ ਹੋਈ, ਉਸ ਦੀ ਵਰਤੋਂ ਮਾਨਵੀ ਘਟਨਾ ਦੇ ਖੇਤਰ ਵਿਚ ਇਕ ਨੈਤਿਕ ਨਿਯਮ ਭਾਵ ਨਿਆ ਅਤੇ ਉਚਿੱਤਤਾ ਦੇ ਨਿਯਮ ਦੇ ਤੌਰ ਤੇ ਹੋਣੀ ਸ਼ੁਰੂ ਹੋਈ। ਇਹ ਮਨੁੱਖੀ ਜੀਵਨ ਦੀ ਅਗਵਾਈ ਕਰਨ ਲੱਗਾ ਜਿਵੇਂ ਮਨੁੱਖੀ ਜੀਵਨ ਨੂੰ ਹੋਣੀ ਚਾਹੀਦੀ ਹੈ, ਪ੍ਰੰਤੂ ਰਿੱਤ ਦੇ ਕੁਦਰਤੀ ਨਿਯਮ ਵਾਂਗ ਰਿੱਤ ਦਾ ਨੈਤਿਕ ਨਿਯਮ ਵੀ ਆਪਣੀ ਕ੍ਰਿਆ ਲਈ ਰੂਹਾਨੀ ਸ਼ਕਤੀਆਂ ਉੱਪਰ ਨਿਰਭਰ ਵੇਖਿਆ ਗਿਆ। ਰੂਹਾਨੀ ਸ਼ਕਤੀਆਂ ਰਿੱਤ ਦੇ ਨੈਤਿਕ ਨਿਯਮ ਨੂੰ ਲਾਗੂ ਕਰਦਿਆਂ ਮਾਨਵੀ ਸੰਸਾਰ ਦੇ ਖੇਤਰ ਵਿਚ ਇਕਸੁਰਤਾ ਤੇ ਨਿਯਮਤਾ ਲਿਆਉਂਦਾ ਹੈ। ਮਨੁੱਖ ਦੇ ਕਰਮਾਂ ਮੁਤਾਬਿਕ ਉਹਨਾਂ ਨੂੰ ਇਨਾਮ ਅਤੇ ਸਜ਼ਾ ਇਹਨਾਂ ਦੇਵੀ-ਦੇਵਤਿਆਂ ਦੁਆਰਾ ਦਿੱਤੀ ਜਾਂਦੀ ਰਹੀ ਹੈ। ਰਿੱਤ ਨੈਤਿਕਤਾ ਦਾ ਇਕ ਕੁਦਰਤੀ ਨਿਯਮ ਹੈ ਜੋ ਕੇਵਲ ਮਾਨਵੀ ਕਾਰਜ ਘਟਨਾ ਨੂੰ ਨਿਯਮਤ ਕਰਦਾ ਹੈ ਜਿਵੇਂ ਕਿ ਕੇਵਲ ਨੈਤਿਕ ਕਾਰਜ ਕਰਨ ਦੀ ਯੋਗਤਾ ਮਨੁੱਖੀ ਜੀਵਾਂ ਕੋਲ ਹੀ ਹੁੰਦੀ ਹੈ। ਇਹ ਕੁਦਰਤੀ ਘਟਨਾਵਾਂ ਨੂੰ ਨਿਯਮਤ ਨਹੀਂ ਕਰਦਾ ਕਿਉਂਕਿ ਨੈਤਿਕ ਕਾਰਜ ਕਰਨ ਦੀ ਯੋਗਤਾ ਕੁਦਰਤੀ ਵਸਤੂਆਂ ਪਾਸ ਨਹੀਂ ਹੁੰਦੀ। ਕੁਦਰਤੀ ਵਸਤੂਆਂ ਦਾ ਕਾਰਜ ਖੇਤਰ ਰਿੱਤ ਦੇ ਨੈਤਿਕ ਨਿਯਮ ਦੇ ਕਾਰਜ ਖੇਤਰ ਤੋਂ ਬਾਹਰ ਹੁੰਦਾ ਹੈ।

### 2.4.2 ਰਿੱਗਵੇਦ ਵਿਚ ਰਿੱਤ ਦਾ ਸੰਕਲਪ

ਰਿਗਵੇਦ ਵਿਚ ਨੈਤਿਕ ਕਰਤਵਾਂ ਨੂੰ ਰਿੱਤ ਦੇ ਨੈਤਿਕ ਨਿਯਮ ਦੀ ਅਭਿਵਿਅਕਤੀ ਦੇ ਤੌਰ ਤੇ ਲਿਆ ਜਾਂਦਾ ਹੈ। ਇਮਾਨਦਾਰੀ, ਸਚਾਈ, ਦਿਆ, ਅਹਿੰਸਾ, ਬ੍ਰਹਮਚਾਰੀਆ ਨੂੰ ਨੈਤਿਕ ਸਦਗੁਣ ਕਿਹਾ ਗਿਆ ਹੈ ਜਦੋਂ ਕਿ ਬੁਰਾ ਇਰਾਦਾ, ਬੇਈਮਾਨੀ, ਝੂਠ, ਫਰੇਬ, ਜੂਆ,ਕਰਜ਼ਾ, ਸੁਆਰਥੀ ਅਨੰਦ, ਅਤਿਆਚਾਰ, ਹਿੰਸਾ, ਚੋਰੀ ਆਦਿ ਨੂੰ ਨੈਤਿਕ ਬੁਰਾਈਆਂ ਦੇ ਤੌਰ ਤੇ ਲਿਆ ਗਿਆ ਹੈ। ਜਿਹੜਾ ਵਿਅਕਤੀ ਗਲਤ ਕਾਰਜ ਕਰਦਾ ਹੈ ਉਸ ਨੂੰ ਰਿਗਵੇਦ ਵਿਚ ਅਨਰਿੱਤ ਅਤੇ ਅਸਤਯ ਕਿਹਾ ਗਿਆ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਆਪਣੇ ਜੀਵਨ ਵਿਚ ਜਿਹੜਾ ਵਿਅਕਤੀ ਰਿੱਤ ਦੇ ਮਾਰਗ ਤੇ ਚੱਲਦਾ ਹੈ, ਉਹ ਸਾਰੀਆਂ ਕਿਸਮਾਂ ਦੀਆਂ ਚੰਗੀਆਂ ਵਸਤੂਆਂ ਭਾਵੇਂ ਉਹ ਭੌਤਿਕ ਹੋਣ ਜਾਂ ਅਧਿਆਤਮ, ਦਾ ਅਨੰਦ ਮਾਣਦਾ ਹੈ। ਦੂਜੇ ਪਾਸੇ ਜਿਹੜਾ ਰਿੱਤ ਦੇ ਮਾਰਗ ਨੂੰ ਨਹੀਂ ਅਪਣਾਉਂਦਾ ਉਹ ਸਾਰੇ ਦੁੱਖਾਂ ਦਾ ਭਾਗੀ ਹੁੰਦਾ ਹੈ। ਖੁਸ਼ੀ ਅਤੇ ਦੁੱਖ ਰੂਹਾਨੀ ਇਨਾਮ ਅਤੇ ਸਜ਼ਾ ਦੇ ਤੌਰ ਤੇ ਲਏ ਗਏ ਹਨ। ਕਿਸੇ ਵੀ ਵਿਅਕਤੀ ਨੂੰ ਰਿੱਤ ਦੇ ਨੈਤਿਕ ਨਿਯਮ ਨੂੰ ਲਾਗੂ ਕਰਕੇ ਜਾਂ ਉਲੰਘਣਾ ਕਰਕੇ ਸੰਨਮਾਨਤ ਕਰਨ ਦੀ ਸ਼ਕਤੀ ਦੇਵੀ ਦੇਵਤਿਆਂ ਕੋਲ ਨਹੀਂ ਹੁੰਦੀ। ਰਿਗਵੇਦ ਵਿਚ ਰਿੱਤ ਦੇ ਨਿਯਮ ਦੀ ਬਜਾਏ ਦੇਵੀ-ਦੇਵਤਿਆਂ ਨੂੰ ਪਹਿਲ ਨਹੀਂ ਦਿਤੀ ਗਈ। ਸਗੋਂ ਉਹ ਤਾਂ ਰਿੱਤ ਤੋਂ ਹੀ ਆਪਣੀਆਂ ਸ਼ਕਤੀਆਂ ਪ੍ਰਾਪਤ ਕਰਦੇ ਹਨ।ਜਦੋਂ ਵਿਅਕਤੀ ਸਹੀ ਅਰਥਾਂ ਵਿਚ ਰਿੱਤ ਨੂੰ ਅਪਣਾਉਂਦੇ ਹਨ। ਉਸ ਵੇਲੇ ਹੀ ਸਮਾਜ ਵਿਚ ਨੈਤਿਕ ਵਿਵਸਥਾ ਪੈਦਾ ਹੁੰਦੀ ਹੈ। ਇੰਜ ਰਿਗਵੈਦਿਕ ਵਿਚਾਰ ਅਨੁਸਾਰ ਅਸੀਂ ਖੁਦ ਆਪਣੀ ਕਿਸਮਤ ਦੇ ਕਰਤਾ ਹੁੰਦੇ ਹਾਂ। ਸਾਡੀ ਕਿਸਮਤ ਰੂਹਾਨੀ ਸ਼ਕਤੀਆਂ ਰਾਂਹੀ ਨਿਰਧਾਰਤ ਨਹੀਂ ਹੁੰਦੀ। ਜੇ ਅਸੀਂ ਦੁੱਖ ਭੋਗਦੇ ਹਾਂ ਤਾਂ ਅਜਿਹਾ ਅਸੀਂ ਆਪਣੇ ਬੁਰੇ ਕਰਮਾਂ ਕਰਦੇ ਕਰਦੇ ਹਾਂ। ਜੇ ਅਸੀਂ ਆਨੰਦ ਮਾਣਦੇ ਹਾਂ ਤਾਂ ਅਜਿਹਾ ਵੀ ਅਸੀਂ ਆਪਣੇ ਕਰਮਾਂ ਕਰਕੇ ਹੀ ਕਰਦੇ ਹਾਂ। ਬਹੁਤ ਸਾਰੇ ਵਿਚਾਰਕ ਇਹ ਮੰਨਦੇ ਹਨ ਕਿ ਰਿਗਵੇਦ ਵਿਚ ਰਿੱਤ ਦੇ ਨੈਤਿਕ ਵਿਚਾਰ ਨੇ ਪਹਿਲਾਂ ਤੋਂ ਹੀ ਕਰਮ ਦੇ ਸਿਧਾਂਤ ਨੂੰ ਪਹਿਲਾਂ ਤੋਂ ਹੀ ਮਨ ਲਿਆ ਸੀ। ਜਿਸ ਦਾ ਬਾਅਦ ਵਿਚ ਵਿਸਥਾਰ ਵਿਚ ਭਾਰਤੀ-ਦਰਸ਼ਨ ਦੀਆਂ ਵੱਖ-ਵੱਖ ਪ੍ਰਣਾਲੀਆਂ ਨੇ ਵਿਕਾਸ ਕੀਤਾ। ਰਿਗਵੇਦ ਵਿਚ ਬਹੁਤ ਸਾਰੀਆਂ ਉਦਾਹਰਨਾਂ ਹਨ ਜੋ ਸਪਸ਼ਟ ਤੌਰ ਤੇ ਇਹ ਦਰਸਾਉਂਦੀਆਂ ਹਨ ਕਿ ਵਿਅਕਤੀ ਨੂੰ ਆਪਣੇ ਕਰਮਾਂ ਅਨੁਸਾਰ ਪ੍ਰਾਪਤ ਨਹੀਂ ਹੁੰਦਾ, ਕਈ ਵਾਰ ਤਾਂ ਉਸ ਨੂੰ ਉਹਨਾਂ ਕਰਮਾਂ ਲਈ ਵੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਜਿਹੜੇ ਉਹ ਨਹੀਂ ਕਰਦਾ ਉਦਾਹਰਣ ਵਜੋਂ ਵਰਿਸ਼ਠਾ ਦੀ ਪ੍ਰਾਰਥਨਾ (Varistha's Prayer) ਹੈ। ਜਿਸ ਵਿਚ ਉਹ ਕਹਿੰਦਾ ਹੈ ਸਾਨੂੰ ਉਹਨਾਂ ਪਾਪਾਂ ਤੋਂ ਮੁਕਤ ਕਰੋ ਜਿਹੜੇ ਸਾਡੇ ਬਜ਼ੁਰਗਾਂ ਦੁਆਰਾ ਕੀਤੇ ਗਏ ਹਨ ਭਾਵ ਇਕ

ਵਿਅਕਤੀ ਉਹ ਕੁਝ ਵੀ ਪ੍ਰਾਪਤ ਕਰਦਾ ਹੈ ਜੋ ਉਸ ਨੂੰ ਉਸ ਦੇ ਆਪਣੇ ਕਰਮਾਂ ਕਰਕੇ ਪ੍ਰਾਪਤ ਨਹੀਂ ਹੋਣਾ ਚਾਹੀਦਾ। ਨਿਰਸੰਦੇਹ ਰਿਗਵੇਦ ਦੋ ਭਿੰਨ-ਭਿੰਨ ਪਾਪਾਂ ਦੇ ਵਿਚਕਾਰ ਅੰਤਰ ਕਰਦਾ ਹੈ।ਇਕ ਉਹ ਪਾਪ ਜਿਹੜੇ ਦੂਜਿਆਂ ਦੁਆਰਾ ਕੀਤੇ ਜਾਂਦੇ ਹਨ। ਦੂਜੇ ਉਹ ਪਾਪ ਜੋ ਸਾਡੇ ਦੁਆਰਾ ਕੀਤੇ ਜਾਂਦੇ ਹਨ। ਇਹ ਕਹਿੰਦਾ ਹੈ ਕਿ ਕੋਈ ਵੀ ਵਿਅਕਤੀ ਉਹਨਾਂ ਪਾਪਾਂ ਦਾ ਜ਼ਿੰਮੇਵਾਰ ਹੁੰਦਾ ਹੈ ਜੇ ਉਹ ਖ਼ੁੱਦ ਕਰਦਾ ਹੈ ਅਤੇ ਉਹਨਾਂ ਪਾਪਾਂ ਲਈ ਉਹ ਨੈਤਿਕ ਤੌਰ ਤੇ ਜ਼ਿੰਮੇਵਾਰ ਨਹੀਂ ਹੋ ਸਕਦਾ ਜਿਹੜੇ ਉਸ ਨੇ ਨਹੀਂ ਕੀਤੇ ਹੁੰਦੇ। ਦੂਜੇ ਸ਼ਬਦਾਂ ਵਿਚ ਕੋਈ ਵੀ ਵਿਅਕਤੀ ਜੋ ਕੁਝ ਉਹ ਕਰਦਾ ਹੈ, ਲਈ ਨੈਤਿਕ ਤੌਰ ਤੇ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।ਰਿਗਵੇ ਦ ਵਿਚ ਦੋ ਕਿਸਮ ਦੇ ਪਾਪਾਂ ਵਿਚਕਾਰ (ਇੱਛਤ ਅਤੇ ਅਣਇੱਛਤ) ਵਿਚਕਾਰ ਅੰਤਰ ਕੀਤਾ ਜਾਂਦਾ ਇਹ ਕਹਿੰਦਾ ਹੈ ਕਿ ਇੱਛਤ ਪਾਪ ਕੀਤੇ ਜਾਂਦੇ ਹਨ ਜਦੋਂਕਿ ਵਿਅਕਤੀ ਜਾਣ ਬੁਝ ਕੇ ਪਾਪੀ ਕੰਮ ਕਰਦਾ ਹੈ ਅਤੇ ਅਨ-ਇੱਛਤ ਪਾਪ ਉਦੋਂ ਕੀਤੇ ਜਾਂਦੇ ਹਨ ਜਦੋਂ ਵਿਅਕਤੀ ਅਚੇਤ ਤੌਰ ਤੇ ਪਾਪੀ ਕਾਰਜ ਕਰ ਬੈਠਦਾ ਹੈ। ਆਮ ਤੌਰ ਤੇ ਅਸੀਂ ਉਸ ਸਮੇਂ ਹੀ ਕਿਸੇ ਵਿਅਕਤੀ ਨੂੰ ਨੈਤਿਕ ਤੌਰ ਤੇ ਜਿੰਮੇਵਾਰ ਮੰਨਦੇ ਹਾਂ ਜਦੋਂ ਉਹ ਜਾਣਬੁਝ ਕੇ ਪਾਪੀ ਕੰਮ ਕਰਦਾ ਹੈ ਅਤੇ ਜਦੋਂ ਉਹ ਅਚੇਤ ਤੌਰ ਤੇ ਪਾਪੀ ਕੰਮ ਕਰ ਬੈਠਦਾ ਹੈ ਉਸ ਨੂੰ ਨੈਤਿਕ ਤੌਰ ਤੇ ਜ਼ਿੰਮੇਵਾਰ ਨਹੀਂ ਸਮਝਦੇ। ਪ੍ਰੰਤੂ ਰਿਗਵੇਦ ਵਿਚ ਵਿਅਕਤੀ ਨੂੰ ਦੋਹਾਂ ਹਾਲਤਾਂ ਵਿਚ ਕੀਤੇ ਬੁਰੇ ਕੰਮਾਂ ਲਈ ਨੈਤਿਕ ਤੌਰ ਤੇ ਜ਼ਿੰਮੇਵਾਰ ਸਮਝਿਆ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਕੋਈ ਵੀ ਵਿਅਕਤੀ ਆਪਣੇ ਪਾਪਾਂ ਤੋਂ ਬਚ ਨਹੀਂ ਸਕਦਾ ਚਾਹੇ ਉਹ ਪਾਪ ਉਸ ਨੇ ਸੁਚੇਤ ਤੌਰ ਤੇ ਕੀਤੇ ਹੋਣ ਜਾਂ ਅਚੇਤ ਤੌਰ ਤੇ, ਪ੍ਰੰਤੂ ਇਸ ਤੋਂ ਸਾਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਰਿਗਵੇਦ ਮਨੁੱਖੀ ਸੁਤੰਤਰਤਾ ਨੂੰ ਮਨਣ ਤੋਂ ਇਨਕਾਰੀ ਹੈ। ਸਗੋਂ ਇਹ ਤਾਂ ਕਿਸੇ ਵੀ ਨੈਤਿਕ ਕਾਰਜ ਨੂੰ ਇਕ ਪੂਰਣ ਧਾਰਨਾ ਦੇ ਤੌਰ ਤੇ ਮੰਨਦਾ ਹੈ। ਇਸ ਦਾ ਅਰਥ ਇਹ ਹੈ ਕਿ ਇਕ ਵਾਰ ਵਿਅਕਤੀ ਦੁਆਰਾ ਜੇ ਕੋਈ ਵੀ ਕਾਰਜ ਕੀਤਾ ਜਾਂਦਾ ਹੈ ਤਾਂ ਜ਼ਰੂਰੀ ਤੌਰ ਤੇ ਉਸ ਨੂੰ ਆਪਣੇ ਕਾਰਜ ਲਈ ਜਲਦੀ ਜਾਂ ਬਾਅਦ ਵਿਚ ਫਲ ਭੋਗਣਾ ਪੈਂਦਾ ਹੈ ਅਤੇ ਦੇਵੀ-ਦੇਵਤੇ ਅਜਿਹੀ ਕੋਈ ਸ਼ਕਤੀ ਨਹੀਂ ਰੱਖਦੇ ਜਿਹੜੇ ਉਹਨਾਂ ਦੀ ਇੱਛਾ ਅਨੁਸਾਰ ਕਰਮਾਂ ਦੇ ਬੰਧੇਜ ਤੋਂ ਵਿਅਕਤੀ ਨੂੰ ਸੁਤੰਤਰ ਕਰ ਸਕੇ। ਕਿਉਂਕਿ ਦੇਵੀ-ਦੇਵਤੇ ਖੁਦ ਰਿੱਤ ਦੇ ਨਿਯਮ ਦੀ ਪਾਲਣਾ ਕਰਨ ਲਈ ਨੈਤਿਕ ਤੌਰ ਤੇ ਬੰਨੇ ਹੋਏ ਹੁੰਦੇ ਹਨ। ਇੰਜ ਮੰਨਿਆ ਜਾਂਦਾ ਹੈ ਕਿ ਦੇਵੀ-ਦੇਵਤੇ ਰਿੱਤ ਦੇ ਅਨੁਸਾਰ ਹਮੇਸ਼ਾਂ ਕਾਰਜ ਕਰਦੇ ਹਨ। ਰਿਗਵੇਦ ਵਿਚ ਦੇਵੀ-ਦੇਵਤਿਆਂ ਬਾਰੇ ਸੋਚਿਆ ਗਿਆ ਹੈ ਕਿ ਉਹ ਕੇਵਲ ਰਿੱਤ ਦੇ ਰਖਵਾਲੇ, ਪ੍ਰਬੰਧਕ ਹੀ ਨਹੀਂ ਹੁੰਦੇ ਸਗੋਂ ਨੈਤਿਕ ਦੇ ਤੌਰ ਤੇ ਲਿਆ ਗਿਆ ਹੈ ਉਹ ਕੇਵਲ ਨੈਤਿਕ ਪ੍ਰੇਰਨਾਵਾਂ ਦੇ ਸ੍ਰੋਤ ਹੁੰਦੇ ਹਨ ਅਤੇ ਉਹਨਾਂ ਨੂੰ ਕਦੇ ਵੀ ਰਿੱਤ ਤੋਂ ਉੱਪਰ ਜਾਂ ਮਹਾਨ ਨਹੀਂ ਸੋਚਿਆ ਗਿਆ। ਉਹ ਤਾਂ ਆਪਣੀਆਂ ਸ਼ਕਤੀਆਂ ਰਿੱਤ ਤੋਂ ਹੀ ਪ੍ਰਾਪਤ ਕਰਦੇ ਹਨ। ਰਿਗਵੇਦ ਵਿਚ ਰਿੱਤ ਦਾ ਨੈਤਿਕ ਵਿਚਾਰ ਵਿਚਾਰ ਆਤਮਕ ਤੌਰ ਤੇ ਇਸ ਦੇ ਪ੍ਰਾਕਿਤਕ ਆਤਮਕ ਵਿਚਾਰ ਤੋਂ ਭਿੰਨ ਹੈ, ਇਸ ਤੱਤ ਦੇ ਇਲਾਵਾਂ ਇਹਨਾਂ ਦੋਹਾਂ ਕੇਸਾਂ ਵਿਚ ਰਿੱਤ ਦੇ ਵਿਚਾਰ ਨੂੰ ਇਕ ਸਦੀਵੀ ਤੇ ਅਪਰਵਰਤਨਸ਼ੀਲ ਸਰਵ ਵਿਆਪਕ ਨਿਯਮ ਦੇ ਤੌਰ ਤੇ ਲਿਆ ਜਾਂਦਾ ਹੈ। ਜਿਸ ਉਪੱਰ ਰੂਹਾਨੀ ਸ਼ਕਤੀਆਂ ਦਾ ਰਾਜ ਹੁੰਦਾ ਹੈ। ਰਿੱਤ ਦਾ ਰਿਗਵੈਦਿਕ ਨੈਤਿਕ ਵਿਚਾਰ ਇਕ ਵਰਣਾਤਮਕ ਵਿਚਾਰ ਨਹੀਂ ਹੈ ਸਗੋਂ ਇਹ ਤਾਂ ਇਕ ਵਿਚਾਰ ਹੈ ਕਿਉਂਕਿ ਇਹ ਦੱਸਦਾ ਹੈ ਕਿ ਮਨੁੱਖੀ ਜੀਵਨ ਨੂੰ ਕਿਵੇਂ ਜੀਣਾ ਚਾਹੀਦਾ ਹੈ ਪ੍ਰੰਤੂ ਰਿੱਤ ਦਾ ਰਿਗਵੈਦਿਕ ਪ੍ਰਾਕ੍ਰਿਤਕ ਵਿਚਾਰ ਵਰਣਾਤਮਕ ਵਿਚਾਰ ਹੈ। ਇਹ ਨਿਰਦੇਸ਼ਾਤਮਕ ਵਿਚਾਰ ਨਹੀਂ ਹੈ ਕਿਉਂਕਿ ਇਹ ਉਹ ਢੰਗ ਨਹੀਂ ਦੱਸਦਾ ਜਿਸ ਤਰ੍ਹਾਂ ਪ੍ਰਾਕ੍ਰਿਤੀ ਨੂੰ ਵਿਵਹਾਰ ਕਰਨਾ ਚਾਹੀਦਾ ਹੈ। ਇਹ ਕੇਵਲ ਉਸ ਕੁਦਰਤ ਦੇ ਕ੍ਰਮ ਨੂੰ ਹੀ ਵਰਨਣ ਕਰਦਾ ਹੈ ਜਿਹੜਾ ਹੋਂਦ ਵਿਚ ਹੁੰਦਾ ਹੈ। ਕੁਦਰਤੀ ਵਸਤੂਆਂ ਆਪਣੀ ਸੁੰਦਰਤਾ ਤੇ ਇਕਸੁਰਤਾ ਨੂੰ ਗੁਆ; ਬੈਠਦੀਆਂ ਹਨ ਜਦੋਂ ਉਹ ਰਿੱਤ ਦੇ ਨਿਯਮ ਅਨੁਸਾਰ ਨਹੀਂ ਹੁੰਦੀਆਂ ਪ੍ਰੰਤੂ ਇਸ ਦਾ ਇਹ ਅਰਥ ਨਹੀਂ ਕਿ ਕੁਦਰਤੀ ਵਸਤੂਆਂ ਪਾਪ ਕਰਦੀਆਂ ਹਨ। ਗੜਬੜ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਅਸੀਂ ਰਿੱਤ ਦੇ ਪ੍ਰਾਕ੍ਰਿਤ ਅਤੇ ਨੈਤਿਕ ਅਰਥਾਂ ਵਿਚ ਅੰਤਰ ਕਰਨ ਤੋਂ ਅਸਮਰਥ ਹੁੰਦੇ ਹਾਂ ਅਤੇ ਸੋਚਦੇ ਹਾਂ ਕਿ ਕੁਦਰਤੀ ਘਟਨਾਵਾਂ ਤੇ ਮਾਨਵੀ ਘਟਨਾਵਾਂ ਦੋਵੇਂ ਰਿੱਤ ਦੇ ਇਕੋ ਹੀ ਨਿਯਮ ਦੁਆਰਾ ਸ਼ਾਸਿਤ ਹੁੰਦੀਆਂ ਹਨ ਜਦੋਂ ਕਿ ਅਜਿਹਾ ਮਾਮਲਾ ਨਹੀਂ। ਕਿਉਂਕਿ ਰਿੱਤ ਸ਼ਬਦ ਦਾ ਇਸਤੇ

ਮਾਲ ਦੋਹਾਂ ਮਾਮਲਿਆਂ ਵਿਚ ਇਕ ਸਮਾਨ ਅਰਥ ਨਹੀਂ ਰੱਖਦਾ। ਇਸ ਦੇ ਅਰਥ ਭੌਤਿਕ ਤੋਂ ਨੈਤਿਕ ਵੱਲ ਬਦਲਦੇ ਹਨ।

### 2.4.3 ਰਿੱਤ ਸ਼ਬਦ ਦੇ ਪ੍ਰਾਕ੍ਰਿਤਕ ਅਤੇ ਨੈਤਿਕ ਅਰਥਾਂ ਤੋਂ ਇਲਾਵਾ ਰਸਮੀ ਅਰਥ

ਰਿੱਤ ਸ਼ਬਦ ਦੇ ਪ੍ਰਾਕ੍ਰਿਤਕ ਤੇ ਨੈਤਿਕ ਅਰਥਾਂ ਤੋਂ ਇਲਾਵਾ ਰਿਗਵੇਦ ਵਿਚ ਇਸ ਦਾ ਪ੍ਰਯੋਗ ਰਸਮੀ ਅਹੁਤੀਆਂ ਅਤੇ ਸਮਾਜਿਕ ਕ੍ਰਮ ਦੀ ਮਹੱਤਤਾ ਲਈ ਵੀ ਹੋਇਆ ਹੈ। ਵੈਦਿਕ ਦੇਵੀ-ਦੇਵਤਿਆਂ ਦੀ ਪੂਜਾ ਪਰਮਾਤਮਾਵਾਂ ਦੇ ਤੌਰ ਤੇ ਹੋਈ ਹੈ ਜਿਨ੍ਹਾਂ ਪ੍ਰਤੀ ਪ੍ਰਾਥਨਾਵਾਂ ਤੇ ਅਹੁਤੀਆਂ ਦੀਆਂ ਭੇਟਾਵਾਂ ਕੀਤੀਆਂ ਗਈਆਂ ਹਨ। ਇਹ ਮੰਨਿਆ ਜਾਂਦਾ ਸੀ ਕਿ ਪਰਮਾਤਮਾ ਉਹਨਾਂ ਵਿਅਕਤੀਆਂ ਨੂੰ ਭੌਤਿਕ ਖੁਸ਼ਹਾਲੀ ਜਿਵੇਂ ਪੁੱਤਰ ਅਤੇ ਲੰਮੀ ਉਮਰ ਆਦਿ ਨਾਲ ਬਖ਼ਸ਼ਦੇ ਹਨ। ਜਦੋਂ ਉਹ ਰਿੱਤ ਦੀ ਸਹੀ ਭਾਵਨਾ ਵਿਚ ਰਸਮੀ ਤੇ ਸਮਾਜਿਕ ਕਰਤਵ ਨਿਭਾਉਂਦੇ ਸਨ। ਰਿਗਵੇਦ ਰਿੱਤ ਦੀ ਧਾਰਮਿਕ ਤੇ ਨੈਤਿਕ ਅਰਥਾਂ ਵਿਚਕਾਰ ਵਿਚਾਰਕ ਅੰਤਰ ਨਹੀਂ ਕਰਦਾ। ਰਿੱਤ ਦੇ ਦੋਵੇ ਅਰਥ ਇਕ ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਧਾਰਮਿਕ ਮੁੱਲ ਅਤੇ ਕਰਤਵ ਸਾਰੇ ਹੀ ਨੈਤਿਕ ਤੌਰ ਤੇ ਲੈ ਜਾਂਦੇ ਹਨ, ਉਦਾਹਰਣ ਦੇ ਤੌਰ ਤੇ ਦਾਨ ਦਾ ਵਿਚਾਰ ਇਕ ਧਾਰਮਿਕ ਵਿਚਾਰ ਹੈ ਜਿਸ ਦੀਆਂ ਜੜ੍ਹਾਂ ਦਿਆਲਤਾ ਦੇ ਨੈਤਿਕ ਵਿਚਾਰ ਵਿਚ ਹਨ। ਦਿਆਲਤਾ ਵਿਅਕਤੀ ਦਰ ਵਿਅਕਤੀ ਅਲਗ-ਅਲਗ ਹੁੰਦੀ ਹੈ ਪ੍ਰੰਤੂ ਸਾਰੇ ਵਿਅਕਤੀਆਂ ਨੂੰ ਦਿਆਲੂ ਹੋਣ ਦਾ ਫੁਰਮਾਨ ਹੈ। ਰਿੱਤ ਇਕ ਉਚੱਤਮ ਮੁੱਲ ਹੈ ਜਿਸ ਉੱਪਰ ਸਾਰੇ ਰਿਗਵੈਦਿਕ, ਨੈਤਿਕ ਤੇ ਧਾਰਮਿਕ ਮੁੱਲ ਅਧਾਰਿਤ ਹਨ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਰਿੱਤ ਦਾ ਕੋਈ ਇਕ ਅਰਥ ਨਹੀਂ ਹੈ। ਰਿਗਵੇਦ ਵਿਚ ਜਿਵੇਂ ਇਸ ਸ਼ਬਦ ਦੀ ਵਰਤੋਂ ਹੋਈ ਹੈ। ਉਸ ਅਨੁਸਾਰ ਅਸੀਂ ਵੇਖਦੇ ਹਾਂ ਕਿ ਇਸ ਦੇ ਅਰਥ ਭੌਤਿਕ ਤੋਂ ਨੈਤਿਕ ਅਤੇ ਨੈਤਿਕ ਤੋਂ ਧਾਰਮਿਕ ਸੰਦਰਭ ਵਿੱਚ ਬਦਲਦੇ ਰਹੇ ਹਨ। ਇਸ ਦੇ ਬਾਵਜੂਦ ਰਿਗਵੇਦ ਵਿਚ ਇਹ ਇਕ ਇਕੱਲਾ, ਸਦੀਵੀ ਅਪਰਵਰਤਨਸ਼ੀਲ ਨਿਯਮ ਹੈ ਜੋ ਦੇਵੀ-ਦੇਵਤਿਆਂ ਦੁਆਰਾ ਨਿਯਮਤ ਹੁੰਦਾ ਹੈ।

### 2.4.4 ਸਿੱਟਾ

ਇੰਜ ਰਿੱਤ ਨੂੰ ਨਿਯਮਾਂ ਦਾ ਨਿਯਮ ਵੀ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਸਨੂੰ ਨਿਰਪੇਖ (Absolute) ਨਿਯਮ ਕਿਹਾ ਜਾ ਸਕਦਾ ਹੈ ਜਿਸ ਅਧੀਨ ਬਾਰੇ ਸਾਰੇ ਨਿਯਮ ਕੰਮ ਕਰਦੇ ਹਨ। ਪੂਰਵ ਮੀਮਾਂਸਾ ਵਿੱਚ ਵੇਦ ਵਾਕ ਕਹਿੰਦਾ ਹੈ ਕਿ ਰਿਤ ਉਹ ਆਦੇਸ਼ ਹੈ, ਨਿਯਮ ਹੈ ਜਿਸਦਾ ਦੇਵਤਾ ਅਤੇ ਮਨੁੱਖ ਪਾਲਣ ਕਰਦੇ ਹਨ ਤਾਂ ਰਿਤ ਕਾਂਟ ਦੇ ਨੈਤਿਕ ਨਿਯਮ ਦੇ ਨੇੜੇ ਆ ਜਾਂਦਾ ਹੈ। ਪਰੰਤੂ ਦੋਹਾਂ ਵਿੱਚ ਫ਼ਰਕ ਇਹ ਹੈ ਕਿ ਰਿੱਤ ਦਾ ਪ੍ਰਯੋਗ ਤੱਤਵਾਦੀ ਸਿਧਾਂਤ ਦੇ ਰੂਪ ਵਿੱਚ ਵੀ ਹੋਇਆ ਹੈ ਜਦੋਂ ਕਿ ਕਾਂਟ ਦੇ ਨੈਤਿਕ ਨਿਯਮ ਦੀ ਪ੍ਰਮਾਣਿਕਾ ਤਰਕ ਤੋਂ ਪੈਦਾ ਹੁੰਦੀ ਹੈ।

### 2.4.5 ਮਹੱਤਪੂਰਨ ਸ਼ਬਦ

ਬ੍ਰਹਿਮੰਡ ਵਿਚ 'ਰਿੱਤ' ਦਾ ਸਥਾਨ ਮਨੁੱਖੀ ਜੀਵਨ ਵਿਚ ਕ੍ਰਮ ਦੀ ਅਨੁਸਾਰੀ ਹੈ। ਜਿਥੇ ਬ੍ਰਹਿਮੰਡ ਪਰਿਵਰਤਨਸ਼ੀਲ ਹੈ। ਉਥੇ 'ਰਿੱਤ' ਅਵਰਿਵਰਤਨਸ਼ੀਲ ਅਤੇ ਸਦੀਵੀ ਹੈ 'ਰਿੱਤ' ਦੀ ਵਰਤੋਂ ਭੌਤਿਕ ਵਸਤੂਆਂ ਦੇ ਖੇਤਰ ਵਿਚ ਕੁਦਰਤੀ ਨਿਯਮ ਦੇ ਤੌਰ ਤੇ ਹੋਈ ਅਤੇ ਮਾਨਵੀ ਘਟਨਾ ਦੇ ਖੇਤਰ ਵਿਚ ਇਕ ਨੈਤਿਕ ਨਿਯਮ ਦੇ ਤੌਰ ਤੇ ਰਿਗਵੇਦ ਵਿਚ ਨੈਤਿਕ ਕਰਤੱਵਾਂ ਨੂੰ 'ਰਿੱਤ' ਦੇ ਨੈਤਿਕ ਨਿਯਮ ਦੀ ਅਭਿਵਿਅਕਤੀ ਦੇ ਤੌਰ ਤੇ ਲਿਆ ਜਾਂਦਾ ਹੈ। 'ਰਿੱਤ' ਸ਼ਬਦ ਦੀ ਪ੍ਰਾਕ੍ਰਿਤਕ ਅਤੇ ਨੈਤਿਕ ਅਰਥਾਂ ਤੋਂ ਇਲਾਵਾ ਰਿਗਵੇਦ ਵਿਚ ਇਸ ਦਾ ਪ੍ਰਯੋਗ ਰਸਮੀ ਅਹੁੱਤੀਆਂ ਲਈ ਵੀ ਹੋਇਆ ਹੈ। 'ਰਿੱਤ' ਦਾ ਨਿਯਮ ਕਾਂਟ ਦੀ ਨੈਤਿਕ ਨਿਯਮ ਦੇ ਨੇੜੇ ਆ ਜਾਂਦਾ ਹੈ।

## 2.4.6 ਪ੍ਰਸ਼ਨਾਵਲੀ

### ਵੱਡੇ ਪ੍ਰਸ਼ਨ

1. ਮਨੁੱਖ ਅਤੇ ਪ੍ਰਾਕਿਰਤੀ ਦੇ ਸੰਬੰਧ ਬਾਰੇ ਚਰਚਾ ਕਰੋ।
2. ਰਿੱਗਵੇਦ ਵਿੱਚ 'ਰਿੱਤ' ਦੀ ਧਾਰਨਾ ਉੱਪਰ ਨਿਬੰਧ ਲਿਖੋ।

### ਛੋਟੇ ਪ੍ਰਸ਼ਨ

1. ਰਿੱਤ ਦਾ ਸਿਧਾਂਤ
2. ਨੈਤਿਕ ਕਰਤੱਵ
3. ਰਿੱਤ ਅਤੇ ਕਾਂਟ ਦਾ ਨੈਤਿਕ ਨਿਯਮ

## 2.4.7 ਤਜਵੀਜ਼ਤ ਪੁਸਤਕਾਂ


| | | |
|---|---|---|
| C.D. Sharma | : | A Critical Survey of Indian Philosophy |
| ਡਾ. : ਸ਼ਾਂਤੀ ਨਾਥ ਗੁਪਤਾ | : | ਭਾਰਤੀ ਦਰਸ਼ਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ–ਬੁੱਕ ਬੋਰਡ, 1974, ਚੰਡੀਗੜ੍ਹ। |
| R.D. Nirakari | : | Bharti Darshan |


Type Setting :
Department of Distance Education, Punjabi University, Patiala.